# ਵਰਿਆਮ

ਮਈ ੧੯੯੭

ਆਤਮ ਉਪਦੇਸ ਭੇਸ ਸੰਜਮ ਕੈ
ਜਾਪ ਸੁ ਅਜਪਾ ਜਾਪੇ
ਸਦਾ ਰਹੈ ਕੰਚਨ ਸੀ ਕਾਯਾ
ਕਾਲ ਨ ਕਬਹੂੰ ਬਿਆਪੇ

—ਗੁਰੂ ਗੋਬਿੰਦ ਸਿੰਘ

Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 529033
Factory : 501973
Resi. : 536093

## BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064




Sri Satguru Jagjit Singh Ji eLibrary NamdhariElibrary@gmail.com

ਵਰਿਆਮ ਮਈ—੧੯੮੭

ਜਿਲਦ ੧੨ ਅੰਕ : ੭

ਸੰਪਾਦਕ : ਜਗਦੀਸ਼ ਸਿੰਘ

| ਦਫ਼ਤਰ ਦਾ ਪਤਾ : | Office Address |
|---|---|
| ਮਾਸਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਨੇੜੇ ਮਦਨ ਫਲੌਰ ਮਿਲ) | Ladowali Road |
| ਜਲੰਧਰ-੧੪੪੦੦੧ | (Near Madan Flour Mill |
| ਫੋਨ : ੭੧੨੦੪ ਪੀ. ਪੀ. | Jalandhar-144001 |
| | Phone : 71204 PP |
| ਫੋਨ : ੭੭੩੫੬ ਪੀ.ਪੀ. | 77356 PP |

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਨਵੇਂ ਦਰ ਇਸ ਪ੍ਰਕਾਰ ਹੋਣਗੇ :

| | |
|---|---|
| ਇਕ ਪ੍ਰਤੀ | ੩.੦੦ ਰੁਪਏ |
| ਸਾਲਾਨਾ ਚੰਦਾ | ੩੦.੦੦ ,, |
| ਤਿੰਨ ਸਾਲ ਵਾਸਤੇ | ੮੦.੦੦ ,, |
| ਚਾਰ ,, ,, | ੧੦੦.੦੦ ,, |
| ਪੰਜ ,, ,, | ੧੨੫.੦੦ ,, |
| ਉਮਰ ਭਰ ਵਾਸਤੇ | ੩੦੦.੦੦ ,, |

**ਵਿਦੇਸ਼ ਸਾਲਾਨਾ**

| | | |
|---|---|---|
| ਇੰਗਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੮੦-੦੦ ,, |
| ਅਫ਼ਰੀਕਾ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੮੦-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੮੦-੦੦ ,, |

# ਸਤਿਗੁਰੂ ਰਾਮ ਸਿੰਘ

ਕਲਜੁਗ ਦੇ ਵਿਚ ਮੋਖ ਦਾ ਅਵਤਾਰ ਸਤਿਗੁਰੂ ਰਾਮ ਸਿੰਘ
ਹਰ ਸਮੇਂ ਦੇ ਦੌਰ ਵਿਚ ਰਫ਼ਤਾਰ ਸਤਿਗੁਰੂ ਰਾਮ ਸਿੰਘ
ਕੌਮ ਦੇ ਪੈਰਾਂ 'ਚ ਪਈਆਂ ਬੇੜੀਆਂ ਨੂੰ ਤੋੜ ਕੇ
ਬੇੜੀ ਕਰ ਗਿਆ ਭੰਵਰ ਵਿਚੋਂ ਪਾਰ ਸਤਿਗੁਰੂ ਰਾਮ ਸਿੰਘ
ਕਰਾਂਤੀ ਦਾ ਉਹ ਪੈਗੰਬਰ ਸ਼ਾਂਤੀ ਦਾ ਦੇਵਤਾ
ਦੇਸ਼ ਨੂੰ ਹੈ ਕਰ ਗਿਆ ਬੇਦਾਰ ਸਤਿਗੁਰੂ ਰਾਮ ਸਿੰਘ
ਉਸ ਦੀ ਮਾਲੇ ਦੇ ਮਣਕੇ ਬੋਲ ਪਏ ਨੇ ਇਸ ਤਰ੍ਹਾਂ
ਖੁੰਢੀ ਕਰ ਗਿਆ ਜ਼ੁਲਮ ਦੀ ਤਲਵਾਰ ਸਤਿਗੁਰੂ ਰਾਮ ਸਿੰਘ
ਸਾਲੂ ਤੇ ਫੁਲਕਾਰੀਆਂ ਦੇ ਫੁਲ ਮਹਿਕਣ ਲਗ ਪਏ
ਸੁਦੇਸ਼ੀ ਦੇ ਪ੍ਰਚਾਰ ਦਾ ਆਧਾਰ ਸਤਿਗੁਰੂ ਰਾਮ ਸਿੰਘ
ਕਈ ਹੰਗਾਮੇ ਜਾਗ ਪਏ ਦੇਵਤਾ ਦੀ ਚੁਪ 'ਚੋਂ
ਗੋਰਿਆਂ ਲਈ ਬਣ ਗਿਆ ਲਲਕਾਰ ਸਤਿ ਗੁਰੂ ਰਾਮ ਸਿੰਘ
ਗਾਂਧੀ ਜਵਾਹਰਲਾਲ ਨੇ ਵੀ ਪੀਰ ਉਸ ਨੂੰ ਮੰਨਿਆ
ਪੈਦਾ ਕਰ ਗਿਆ ਕੌਮ ਵਿਚ ਕਿਰਦਾਰ ਸਤਿਗੁਰੂ ਰਾਮ ਸਿੰਘ
ਪੈਰੀਂ ਰੁਲਦੇ ਬੰਦਿਆਂ ਨੂੰ ਪੈਰਾਂ ਤੇ ਖਲਿਆਰਿਆ
ਸੰਗਲਾਂ ਬੰਧਨਾਂ ਦਾ ਸੀ ਵਾਰ ਸਤਿਗੁਰੂ ਰਾਮ ਸਿੰਘ
ਜੋ ਮਾਲਪੇ ਕਾਰਦਾਂ ਬਣਿਆ ਅਜ਼ਾਦੀ ਵਾਸਤੇ
ਉਹ ਨੂਰਾਨੀ ਸੇਵਕਾਂ ਦਾ ਪਿਆਰ ਸਤਿਗੁਰੂ ਰਾਮ ਸਿੰਘ

ਗੋਬਿੰਦਰ ਪਾਲ ਸੇਵਕ,
ਅੰਮ੍ਰਿਤਸਰ,

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਹਵਾਵਾਂ ਤੱਤੀਆਂ

—ਤਾਰਾ ਸਿੰਘ

ਕਾਹਨੂੰ ਬਾਲਦੈਂ ਬਨੇਰਿਆਂ ਤੇ ਮੋਮਬੱਤੀਆਂ ।
ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ ।

ਬੂਹੇ ਉਤੇ ਧਰਮਿੰਦਰਾਂ ਦੇ ਦਾਗ਼ ਰਹਿਣ ਦੇ
ਬਦਨਾਮ ਰਾਜਨੀਤੀ ਦੇ ਸੁਰਾਗ਼ ਰਹਿਣ ਦੇ
ਆਉਣ ਵਾਲਿਆਂ ਨੇ ਅੱਗ ਦਾ ਕਸੂਰ ਲੱਭਣਾ
ਇਹਨਾਂ ਘਰਾਂ ਵਿਚ ਬੁਝੇ ਹੋਏ ਚਰਾਗ਼ ਰਹਿਣ ਦੇ
ਕਿਥੇ ਜਾਏਂਗਾ ? ਦਿਸ਼ਾਵਾਂ ਸਭ ਲਹੂ-ਰੱਤੀਆਂ
ਕਾਹਨੂੰ ਬਾਲਦੈਂ ਬਨੇਰਿਆਂ ਤੇ ਮੋਮਬੱਤੀਆਂ ।

ਸੁੱਚੀ ਰੱਤ ਨਾਲ ਧੋਤੀ ਹੋਈ ਥਾਂ ਰਹਿਣ ਦੇ
ਇਹਨਾਂ ਕੰਧਾਂ ਉਤੇ ਉੱਕਰੇ ਹੋਏ ਨਾਂ ਰਹਿਣ ਦੇ
ਕੁਝ ਬੇਕਸੂਰ ਚੀਕਾਂ ਵਾਲੇ ਖੇਤ ਰਹਿਣ ਦੇ
ਕੁਝ ਸਾਜ਼ਸ਼ਾਂ ਦੇ ਮਾਰੇ ਹੋਏ ਗਿਰਾਂ ਰਹਿਣ ਦੇ
ਐਵੇਂ ਭਾਲ ਨਾ ਖਿਜ਼ਾਵਾਂ ਵਿਚ ਫੁੱਲ ਪੱਤੀਆਂ
ਅਜੇ ਬਾਲ ਨਾ ਬਨੇਰਿਆਂ 'ਤੇ ਮੋਮਬੱਤੀਆਂ ।

ਸੂਹਾ ਖ਼ੂਨ ਤਲਵਾਰਾਂ ਉੱਤੋਂ ਲਥ ਜਾਣ ਦੇ
ਗੁੱਸਾ ਥੱਕਿਆਂ ਵਿਚਾਰਾਂ ਉੱਤੋਂ ਲਥ ਜਾਣ ਦੇ
ਜਿਹੜੇ ਘਰਾਂ ਉਤੇ ਲਹੂ ਦੇ ਨਿਸ਼ਾਨ ਲਿਖੇ ਨੇ,
ਉਹ ਨਿਸ਼ਾਨ ਵੀ ਦੀਵਾਰਾਂ ਉੱਤੋਂ ਲਥ ਜਾਣ ਦੇ
ਕਾਲੀ ਰੁੱਤ ਨੇ ਸੁਗੰਧਾਂ ਕੁੱਲ ਸਾੜ ਘੱਤੀਆਂ
ਅਜੇ ਬਾਲ ਨਾ ਬਨੇਰਿਆਂ 'ਤੇ ਮੋਮਬੱਤੀਆਂ ।

ਜਦੋਂ ਗੱਲ ਤੇ ਦਲੀਲ ਬਲਵਾਨ ਨਾ ਰਹੇ ।
ਉਦੋਂ ਤੇਗ਼ ਤਲਵਾਰ ਵੀ ਮਿਆਨ ਨਾ ਰਹੇ ।
ਐਸੀ ਵੱਗੀ ਏ ਹਵਾ, ਅਸੀਂ ਅੱਖੀਂ ਵੇਖਿਆ,
ਜਿੰਦ ਜਾਨ ਕਹਿਣ ਵਾਲੇ ਜਿੰਦ ਜਾਨ ਨਾ ਰਹੇ ।
ਨਹੀਂ ਰੁੱਕੀਆਂ ਹਵਾਵਾਂ ਅਜੇ ਮਾਣ ਮੱਤੀਆਂ
ਅਜੇ ਬਾਲ ਨਾ ਬਨੇਰਿਆਂ 'ਤੇ ਮੋਮਬੱਤੀਆਂ ।
ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ ।

—ਆਰਸੀ ਚੋਂ ਧਨਵਾਦ ਸਹਿਤ



Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ ਤੱਤ

# ਚਰਨ ਧੂੜੀ

—ਸ. ਸ. ਵਣਜਾਰਾ ਬੇਦੀ

......(ੲ) ਕੁਝ ਵਿਸ਼ਵਾਸ ਜਿਨ੍ਹਾਂ ਵਿਚ ਸਾਡੀ ਧਾਰਮਿਕ ਆਸਥਾ ਹੈ, ਆਦਿ ਕਾਲ ਤੋਂ ਹੀ ਚਲੇ ਆ ਰਹੇ ਹਨ। ਇਨ੍ਹਾਂ ਦੀਆਂ ਜੜ੍ਹੀਆਂ ਪੁਰਾਣਿਕ ਕਥਾਵਾਂ ਵਿਚ ਮਿਲਦੀਆਂ ਹਨ। ਇਨ੍ਹਾਂ ਵਿਚ ਕੁਝ ਕੁਝ ਕ ਵਿਸ਼ਵਾਸ ਜਿਨ੍ਹਾਂ ਤੋਂ ਸਾਨੂੰ ਮਨੋਬਲ ਮਿਲਦਾ ਹੈ ਤੇ ਭਗਤੀ ਭਾਵਨਾ ਦੀ ਵੀ ਮਾਨਸਿਕ ਤ੍ਰਿਪਤੀ ਹੁੰਦੀ ਹੈ, ਗੁਰਬਾਣੀ ਵਿਚ ਆਪਣਾ ਲਏ ਗਏ ਹਨ। ਇਹ ਵਿਸ਼ਵਾਸ ਮੂਲ ਵਿਚ ਲੋਕ-ਤਤ ਹਨ ਜੋ ਪਰਾਣਿਕ ਕਥਾਵਾਂ ਵਿਚੋਂ ਵਖਰੀਆਂ ਤਰੰਗਾਂ ਦਾ ਰੂਪ ਧਾਰ ਕੇ ਅਧਿਆਤਮਕ ਪ੍ਰਕ੍ਰਿਆ ਦਾ ਹਿੱਸਾ ਬਣ ਗਏ ਹਨ। ਭਗਤੀ ਮਾਰਗ ਵਿਚ ਇਨ੍ਹਾਂ ਵਿਚੋਂ ਕੁਝ ਤਤ ਉਚੇਰੀ ਆਤਮਕ ਅਵਸਥਾ ਤਕ ਪਹੁੰਚਣ ਦੇ ਸਾਧਨ ਵੀ ਮੰਨ ਲਏ ਗਏ ਹਨ ਜਿਵੇਂ ਚਰਨ ਧੂੜੀ ਦਾ ਸੰਕਲਪ। ਉਚੀ ਅਧਿਆਤਮਕ ਅਵਸਥਾ ਤਕ ਪਹੁੰਚੇ ਹੋਏ ਸਾਧ ਸੰਤ ਜਾਂ ਬ੍ਰਹਮ ਗਿਆਨੀ ਦੀ ਚਰਨ ਧੂੜ ਨੂੰ ਛੂਹਣ ਨਾਲ ਮਨ ਦੇ ਨਿਰਮਲ ਹੋਣ, ਭਗਤੀ ਭਾਵਨਾ ਵਿਚ ਰੰਗੇ ਜਾਣ ਤੇ ਮੁਕਤੀ ਪ੍ਰਾਪਤ ਹੋਣ ਦੇ ਸੰਕਲਪਾਂ ਦਾ ਬੀਜ ਆਦਿਮ ਮਾਨਸ ਵਿਚੋਂ ਉਭਰਿਆ ਹੈ, ਜਿਸ ਦਾ ਆਧਾਰ ਛਾਂਗਵਾਂ-ਟੂਣਾ (Contiguous Magic) ਹੈ। ਜਾਦੂ ਦੀ ਭਾਵਨਾ ਜੋ ਧਰਮ ਦੀ ਜਣਨੀ ਸਮਝੀ ਜਾਂਦੀ ਹੈ, ਦੇ ਅਨੁਸਾਰ ਕਿਸੇ ਅੰਸ਼ ਤੋਂ ਅੰਸ਼ੀ ਦੇ ਮੂਲ ਗੁਣਾਂ ਨੂੰ ਗ੍ਰਹਿਣ ਕਰਨਾ ਸੰਭਵ ਹੁੰਦਾ ਹੈ। ਮਹਾਂ ਪੁਰਸ਼ ਦੇ ਅੰਦਰ ਇਕ ਮਹਾਨ ਅਧਿਆਤਮਕ ਸ਼ਕਤੀ ਤੇ ਦੈਵੀ ਸ਼ਕਤੀ ਅਥਵਾ ਕਣੀ ਹੁੰਦੀ ਹੈ। ਇਹ ਸ਼ਕਤੀ ਜਾਂ ਸ਼ਕਤੀ ਦਾ ਨਿਕਾਸ ਚਰਨਾਂ ਰਾਹੀਂ ਹੀ ਬਾਹਰ ਵਲ ਮੰਨਿਆ ਜਾਂਦਾ ਹੈ ਤੇ ਪ੍ਰਵੇਸ਼ ਮਸਤਕ ਰਾਹੀਂ ਹੀ ਕੋਈ ਮਨੁਖ ਇਸ ਸ਼ਕਤੀ ਨੂੰ ਮਸਤਕ ਰਾਹੀਂ ਹੀ ਆਪਣੇ ਅੰਦਰ ਗ੍ਰਹਿਣ ਕਰ ਸਕਦਾ ਹੈ। ਜਦੋਂ ਕੋਈ ਸ਼ਖ਼ਸ ਕਿਸੇ ਮਹਾਂ ਪੁਰਸ਼ ਦੇ ਚਰਨ ਛੋਂਹਦਾ ਅਥਵਾ ਮੱਥਾ ਟੇਕਦਾ ਹੈ ਤਾਂ ਇਸ ਸ਼ਕਤੀ ਦਾ ਕੁਝ ਅੰਸ਼ ਉਸ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਮਹਾਂ ਪੁਰਸ਼ਾਂ ਦੇ ਚਰਨਾਂ ਨਾਲ ਛੂੰਹਦੀ ਧੂੜੀ ਵਿਚ ਵੀ ਉਨ੍ਹਾਂ ਦੀ ਦੈਵੀ ਸ਼ਕਤੀ ਦੇ ਸਦਗੁਣੀ ਸੁਭਾਵ ਤੇ ਕਲਾਵਾਨ ਪ੍ਰਤਿਭਾ ਦਾ ਕੁਝ ਅੰਸ਼ ਮਾਤਰ ਸਮਾ ਜਾਂਦਾ ਹੈ ਤੇ ਸਾਧਕ ਇਸ ਧੂੜੀ ਨੂੰ ਮੱਥੇ 'ਤੇ ਲਗਾ ਕੇ ਅਪਰੋਖ ਹੀ ਕੁਝ ਅੰਸ਼ ਅੰਦਰ ਗ੍ਰਹਿਣ ਕਰ ਲੈਂਦਾ ਹੈ।

ਇਹ ਲੋਕ-ਤਤ ਭਗਤੀ ਮਾਰਗ ਤੋਂ ਗੁਰਮਤਿ ਵਿਚ ਆਇਆ ਹੈ। ਭਗਤੀ ਮਾਰਗ ਵਿਚ ਸਾਧਕ ਦਾ ਆਦਰਸ਼ ਸਾਧਨ ਵਿਚ ਲੀਨ ਹੋਣਾ ਹੁੰਦਾ ਹੈ। ਚਰਨ ਧੂੜੀ ਦਾ ਲੋਕ- ਸੰਕਲਪ ਭਗਤੀ ਮਾਰਗ ਦੀ ਭਾਵਨਾ ਅਨੁਸਾਰ ਸਾਧਕ ਦਾ ਸਾਧਨ ਦੇ ਕਿਸੇ ਅੰਸ਼ ਰਾਹੀਂ ਉਸ ਤਕ ਪਹੁੰਚਣ ਦੇ ਅਨੁਕੂਲ ਹੈ। ਭਗਤੀ ਮਾਰਗ ਵਿਚ ਇਹੋ ਸੰਕਲਪ ਅਪਣਾ ਲਿਆ ਗਿਆ। ਇਸ ਵਿਸ਼ਵਾਸ ਦਾ ਆਧਾਰ ਇਹ ਹੈ ਕਿ ਜਿਹੜੀ ਚੀਜ਼ ਇਕ ਵਾਰ ਕਿਸੇ ਸਰੀਰ ਨੂੰ ਛੂਹ ਜਾਂਦੀ ਹੈ ਉਸ ਵਿਚ ਮੂਲ ਵਿਅਕਤੀ ਅੰਸ਼ ਮਾਤਰ ਕਿਸੇ ਨਾ ਕਿਸੇ ਰੂਪ ਵਿਚ ਸਮਾਇਆ ਰਹਿੰਦਾ ਹੈ। ਸਾਡੀਆਂ ਅਨੇਕਾਂ ਰਹੁਰੀਤੀਆਂ ਇਸ ਸੰਕਲਪ ਉਤੇ ਆਧਾਰਿਤ ਹਨ।

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਕਮਲ ਚਰਨਾਂ ਵਿਚ ਧਿਆਨ ਜੋੜਨਾ ਤੇ ਚਰਨ ਧੂੜ ਨੂੰ ਮਸਤਕ ਲਗਾਉਣਾ ਪ੍ਰੇਮਾ-ਭਗਤੀ ਦਾ ਸਾਧਨ ਮਾਤਰ ਮੰਨਿਆ ਗਿਆ ਹੈ। 'ਅਨੇਕਾਂ ਤੁਕਾਂ 'ਮੋਕਉ ਕਰਿ ਸੰਤਨ ਕੀ ਧੂਰੇ', 'ਸੰਤ ਜਨਾ ਕੀ ਧਾਕੜੂ ਧੂਰਿ', 'ਧੂਰਿ ਸੰਤਨ ਕੀ ਨਾਨਕ ਦੀਜੈ', ਵਿਚ ਚਰਨ ਧੂੜੀ ਦੀ ਮੰਗ ਮੰਗੀ ਹੈ। ਗੁਰੂ ਦੇ ਚਰਨਾਂ ਦੀ ਧੂੜੀ ਜਿਸ ਵਿਚ ਗੁਰੂ ਖੁਦ ਅੰਸ਼ ਰੂਪ ਵਿਚ ਸਮਾਇਆ ਹੋਇਆ ਹੈ— ਮਨ ਦੀ ਸਾਰੀ ਮੈਲ ਧੋ ਕੇ ਪੁਨੀਤ ਕਰ ਦੇਂਦੀ ਹੈ :-

> ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ
> ਸਭ ਪਤਿਤ ਪੁਨੀਤਾ ਰਾਮ ॥(ਬਿਹਾਗੜਾ ਮਹਲਾ ੫)

ਇਕ ਹੋਰ ਤੁਕ ਵਿਚ ਮਾਘੀ ਵਾਲੇ ਦਿਨ, ਜ ਇਸ਼ਨਾਨ ਲਈ ਸਭ ਤੋਂ ਵਧ ਪਵਿਤਰ ਮੰਨਿਆ ਜਾਂਦਾ ਹੈ, ਸਾਧਾਂ ਦੀ ਧੂੜੀ ਵਿਚ ਨਹਾਉਣ ਦਾ ਉਪਦੇਸ਼ ਕੀਤਾ ਹੈ :-

> ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ

ਗਉੜੀ 'ਬਾਵਨ ਅਖਰੀ' ਬਾਣੀ ਵਿਚ ਗੁਰੂ ਅਰਜਨ ਦੇਵ ਰਹਾਉ ਦੀ ਤੁਕ ਵਿਚ ਪ੍ਰਭੂ ਤੋਂ ਇਹੋ ਮੰਗ ਕਰਦੇ ਹਨ ਕਿ ਮਨ ਸੰਤਾਂ ਦੀ ਚਰਨ ਧੂੜਾਂ ਬਣਿਆ ਰਹੇ—

> ਕਰਿ ਕਿਰਪਾ ਪ੍ਰਭ ਦੀਨ ਦਇਆਲਾ
> ਤੇਰੇ ਸੰਤਨ ਕੀ ਮਨੁ ਹੋਇ ਰਵਾਲਾ

ਪ੍ਰੋ: ਸਾਹਿਬ ਸਿੰਘ ਅਨੁਸਾਰ 'ਰਹਾਉ' ਦੀਆਂ ਤੁਕਾਂ ਵਿਚ ਹੀ ਲੰਮੀਆਂ ਬਾਣੀਆਂ ਦਾ ਕੇਂਦਰੀ ਖਿਆਲ ਜਾਂ ਸਾਰ ਹੁੰਦਾ ਹੈ। ਉਪਰੋਕਤ ਤੁਕ ਨੂੰ ਜੇ 'ਬਾਵਨ ਅੱਖਰੀ' ਦਾ ਮੂਲ ਭਾਵ ਮੰਨ ਲਿਆ ਜਾਵੇ ਤਾਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਚਰਨ ਧੂੜ ਦਾ ਸੰਕਲਪ ਗੁਰਮਤਿ ਵਿਚ ਕਿਤਨਾ ਮਹਤਵ ਪੂਰਨ ਥਾਉਂ ਰਖਦਾ ਹੈ।

ਗੁਰਮਤਿ ਵਿਚ ਗੁਰੂ ਤੇ ਸਾਧ ਸੰਗਤ ਨੂੰ ਸਦਾ ਪ੍ਰਤਿਸ਼ਠਿਤ ਸਥਾਨ ਪ੍ਰਾਪਤ ਹੈ। ਚਰਨ-ਧੂੜ ਵਾਂਗ ਗੁਰੂ ਅਤੇ ਸਾਧ ਸੰਗਤ ਦੀ ਛੂਹ ਨਾਲ ਮਨ ਨਿਰਮਲ ਹੁੰਦਾ ਤੇ ਪ੍ਰਮਾਰਥਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਪਿਛੋਂ ਵੀ ਉਪਰੋਕਤ



Sri Satguru Jagjit Singh Ji eLibrary NamdhariElibrary@gmail.com

ਸੰਕਲਪ ਹੈ। ਗੁਰੂ ਅਰਜਨ ਦੇਵ ਅਨੁਸਾਰ ਸਾਧ ਦੀ ਸੰਗਤ ਪਾਪਾਂ ਦੀ ਮੈਲ ਕਟ ਕੇ ਮਨ ਨੂੰ ਨਿਰਮਲ ਕਰ ਦੇਂਦੀ ਹੈ :-

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥...

(ਬਿਲਾਵਲ ਮਹਲਾ ੫)

ਇਸੇ ਤਰ੍ਹਾਂ ਕੁਝ ਹੋਰ ਵਿਸ਼ਵਾਸ, ਜਿਵੇਂ ਪ੍ਰਭੂ ਭਗਤਾਂ ਦੇ ਵਸ ਵਿਚ ਹੁੰਦਾ ਹੈ, ਉਹ ਭਗਤ ਵਛਲ ਹੈ, ਅਰਾਧਨਾ ਨਾਲ ਸਭ ਕਾਰਜ ਸਿਧ ਹੋ ਜਾਂਦੇ ਹਨ, ਸਾਧ ਬਚਨ ਅਟਲਾਦਾ ਹਨ, ਪਹੁੰਚੇ ਸੰਤਾਂ ਦੇ ਵਰਦਾਨ ਜਾਂ ਸਰਾਪ ਦਾ ਅਸਰ ਅਵਸ਼ ਹੁੰਦਾ ਹੈ, ਆਦਿ ਸਭ ਭਗਤੀ ਮਾਰਗ ਨਾਲ ਸੰਬੰਧਿਤ ਵਿਚਾਰ ਹਨ, ਜੋ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਵੀ ਮਿਲਦੇ ਹਨ। ਇਨ੍ਹਾਂ ਸਭਨਾ ਦਾ ਆਧਾਰ ਲੋਕ-ਧਾਰਾ ਹੀ ਹੈ।

## ਨਾਮ

ਗੁਰਮਤਿ ਵਿਚ ਪ੍ਰੇਮਾ-ਭਗਤੀ, ਨਾਮ ਦੇ ਸਿਮਰਨ ਤੇ ਸ਼ਬਦ ਦੇ ਅਭਿਆਸ ਨੂੰ ਹੀ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਜਿਵੇਂ ਅਸੀਂ ਉਪਰ ਦਸ ਆਏ ਹਾਂ ਭਗਤੀ ਮਾਰਗ ਵਿਚ ਕਈ ਮੂਲ ਤਤ ਲੋਕ-ਧਾਰਾ ਦੇ ਹੀ ਹਨ। ਜੇ ਇਹ ਕਹਿ ਲਿਆ ਜਾਵੇ ਕਿ ਭਗਤੀ ਮਾਰਗ ਲੋਕ-ਤਤਾਂ ਦਾ ਹੀ ਧਾਰਮਿਕ ਸੰਗਠਨ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਭਗਤੀ ਭਾਵਨਾ ਦਾ ਅੰਕੁਰ ਪੂਰਵ-ਆਰੀਆ ਕਾਲ ਵਿਚ ਹੀ ਭਾਰਤ ਦੀ ਭੋਇੰ ਵਿਚੋਂ ਜੰਮਿਆ। ਇਸਦੇ ਕੁਝ ਬੁਨਿਆਦੀ ਤੱਤ ਭਾਰਤ ਦੇ ਆਦਿ ਵਾਸੀਓਂ ਦੇ ਆਦਿਮ ਵਿਸ਼ਵਾਸਾਂ ਵਿਚੋਂ ਵਿਗਸੇ ਹਨ। ਭਗਤੀ ਦੇ ਅਨੇਕਾਂ ਵਡਮੁਲੇ ਕਣ ਵੇਦਾਂ, ਉਪਨਿਸ਼ਦਾਂ ਤੇ ਗੀਤਾਂ ਵਿਚ ਬਿਖਰੇ ਮਿਲਦੇ ਹਨ ਅਤੇ ਭਗਤੀ ਭਾਵਨਾ ਦਾ ਵਿਕਾਸ ਲੋਕਧਾਰਾ ਦੇ ਹੋਰ ਧਾਰਮਿਕ ਤੱਤਾਂ ਵਾਂਗ ਸਹਿਜ ਭਾਵ ਵਿਚ ਹੀ ਹੋਇਆ ਹੈ। ਲੋਕ-ਮਨ ਵਿਚ ਕਈ ਸਦੀਆਂ ਤਕ ਭਗਤੀ ਦੀ ਭਾਵਨਾ ਦੀ ਚੰਗਿਆੜੀ ਮਘਦੀ ਤੇ ਭਖਦੀ ਰਹੀ ਤੇ ਅਖੀਰ ਮਧ-ਕਾਲੀਨ ਸਮਿਆਂ ਵਿਚ, ਭਗਤੀ-ਲਹਿਰ ਦੇ ਰੂਪ ਵਿਚ ਸ਼ੋਅਲਾ ਬਣ ਕੇ ਭੜਕ ਉਠੀ। ਭਗਤੀ ਭਾਵਨਾ ਆਦਿ ਕਾਲ ਤੋਂ ਚਲੀ ਆ ਰਹੀ ਇਕ ਲੋਕ-ਪ੍ਰਵਿਰਤੀ ਹੈ ਜੋ ਮਧ-ਕਾਲੀਨ ਸਮਿਆਂ ਵਿਚ ਸ਼ਾਸਤ੍ਰੀ ਤੇ ਪੌਰਾਣਿਕ ਕਰਮ-ਕਾਂਡਾਂ ਤੇ ਕਟੜਵਾਦ ਤੋਂ ਮੁਕਤ ਹੋਕੇ, ਪ੍ਰਬਲ ਧਾਰਾ ਦੇ ਰੂਪ ਵਿਚ ਸਭ ਬੰਨੇ ਵਟਾਂ ਤੋੜ ਕੇ ਠੇਲ ਤੁਰੀ।

ਭਗਤੀ ਭਾਵਨਾ ਨੂੰ ਮੁਕਤੀ ਦਾ ਸਫਲ ਸਾਧਨ ਦਸਣ ਲਈ ਜੋ ਪ੍ਰਮਾਣ ਪ੍ਰਚਲਤ ਹਨ, ਉਹ ਪੌਰਾਣਿਕ ਕਥਾਵਾਂ ਵਿਚੋਂ ਲਏ ਜਾਂਦੇ ਹਨ, ਜਿਵੇਂ ਪ੍ਰਹਿਲਾਦ, ਧ੍ਰੂ ਭਗਤ, ਰਾਜਾ ਹਰੀ ਚੰਦ, ਤਾਰਾਮਤੀ ਆਦਿ ਇਹ ਸਭ ਭਗਤ ਦੇਵ-ਵਰਗ ਦੀ ਥਾਂ, ਲੋਕ-ਵਰਗ ਵਿਚੋਂ ਸਨ, ਇਸ ਲਈ ਇਨ੍ਹਾਂ ਨੂੰ ਦੇਵ-ਨਾਇਕ ਦੀ ਥਾਂ ਲੋਕ ਨਾਇਕ ਕਿਹਾ ਜਾ ਸਕਦਾ ਹੈ। ਵੈਸ਼ਨੋ ਮਤ ਦੀ ਸਾਰੀ ਭਗਤੀ-ਭਾਵਨਾ ਦੇ ਕੇਂਦਰ ਬਿੰਦੂ, ਰਾਮ ਤੇ ਕ੍ਰਿਸ਼ਨ ਪੁਰਾਣਿਕ ਮਹਾਂਪੁਰਸ਼ ਹਨ, ਦੇਵਤੇ ਨਹੀਂ। ਭਗਤੀ ਅੰਦੋਲਨ ਦਾ ਸਬੰਧ ਦੇਵ-ਵਰਗ ਦੀ ਥਾਂ ਲੋਕ-ਵਰਗ ਨਾਲ ਹੋਣਾ ਹੀ ਇਸ ਗਲ ਦਾ ਪ੍ਰਮਾਣ ਹੈ ਕਿ ਭਗਤੀ ਦੀ ਜਨਮ-ਭੂਮੀ ਲੋਕ-ਮਨ ਹੈ, ਭਾਵੇਂ ਦੇਵ-ਪੁਜਾਰੀਆਂ ਨੇ ਲੋਕ-ਵਰਗ ਦੇ ਇਨ੍ਹਾਂ ਨਾਇਕਾਂ ਨੂੰ ਕਿਸੇ ਦੇਵਤੇ ਦਾ ਅਵਤਾਰ ਸਿਧ ਕਰ ਕੇ ਦੇਵ ਸ੍ਰੇਣੀ ਨਾਲ ਜੋੜਨ ਦਾ ਯਤਨ ਕੀਤਾ।

ਭਗਤੀ ਅੰਦੋਲਨ ਨੇ ਭਗਤੀ ਦੀ ਭਾਵਨਾ ਨਾਲ ਸਬੰਧਿਤ ਮਿੱਥ-ਮਿਸ਼ਰੇ ਲੋਕ-ਤੱਤਾਂ ਨੂੰ, ਇਕ ਸੰਗਠਿਤ ਰੂਪ ਦੇ ਕੇ ਇਨ੍ਹਾਂ ਨੂੰ ਧਾਰਮਿਕ ਮਾਨਤਾ ਪ੍ਰਦਾਨ ਕੀਤੀ। ਭਗਤੀ ਮਾਰਗ ਵਿਚ ਨਾਮ, ਸ਼ਬਦ ਤੇ ਕੀਰਤਨ ਦਾ ਬੜਾ ਮਹਤਵ ਹੈ ਤੇ ਇਹ ਤਤ ਆਦਿ ਕਾਲ ਤੋਂ ਲੋਕ-ਚਿੰਤਨ ਦਾ ਅੰਗ ਚਲੇ ਆ ਰਹੇ ਹਨ। ਨਾਮ ਰਾਹੀਂ ਨਾਮੀ ਉਤੇ ਅਧਿਕਾਰ ਪ੍ਰਾਪਤ ਕਰਨ ਦੇ ਸਿਧਾਂਤ ਪਿੱਛੇ ਆਦਿਮ ਸੰਕਲਪ ਇਹ ਹੈ ਕਿ ਜਿਹੜੀ ਸਾਮਗ੍ਰੀ ਕਿਸੇ ਵਿਅਕਤੀ ਨਾਲ ਸੂਖਮ ਜਾਂ ਸਥੂਲ ਰੂਪ ਵਿਚ ਕਿਸੇ ਸਮੇਂ ਵੀ ਸੰਬੰਧਿਤ ਰਹੀ ਹੋਵੇ, ਉਸ ਦੇ ਮਾਧਿਅਮ ਰਾਹੀਂ ਮੂਲ ਨੂੰ ਵਸ ਵਿਚ ਕੀਤਾ ਜਾ ਸਕਦਾ ਹੈ। ਆਦਿਮ-ਚਿੰਤਨ ਅਨੁਸਾਰ 'ਨਾਮ' ਸੂਖਮ ਤੇ ਪ੍ਰਤੀਕ ਰੂਪ ਵਿਚ 'ਨਾਮੀ' ਨਾਲ ਸੰਬੰਧਤ ਹੁੰਦਾ ਹੈ। 'ਨਾਮ' 'ਨਾਮੀ' ਦਾ ਮੂਲ ਤਤ ਹੈ ਤੇ 'ਨਾਮ' ਨਾਲ 'ਨਾਮੀ' ਅਭੇਦ ਹੁੰਦਾ ਹੈ। ਇਸ ਸਿਧਾਂਤ ਨੂੰ ਜੇ ਜ਼ਰਾ ਵਿਸਤਾਰ ਦਿਤਾ ਜਾਏ ਤਾਂ ਬ੍ਰਹਮ ਦਾ 'ਨਾਮ' ਹੀ ਬ੍ਰਹਮ ਹੈ। 'ਨਾਮ' ਦੇ ਜਾਪ ਨਾਲ ਸਾਧਕ ਵਿਚ ਬ੍ਰਹਮ ਦੀ ਅੰਸ਼-ਕਣੀ ਸਮਾ ਜਾਂਦੀ ਹੈ ਤੇ ਸਾਧਕ ਬ੍ਰਹਮ ਦੇ ਨੇੜੇ ਹੁੰਦਾ ਜਾਂਦਾ ਹੈ ਅਤੇ ਸਹਿਜੇ ਸਹਿਜੇ ਸਾਧਕ 'ਨਾਮ' ਰਾਹੀਂ 'ਨਾਮੀ' ਵਿਚ ਅਥਵਾ ਬ੍ਰਹਮ ਦੇ ਨਾਮ ਰਾਹੀਂ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ।

ਆਦਿਮ-ਮਨੁਖ 'ਨਾਮ' ਵਿਚ ਹੀ 'ਨਾਮੀ' ਦਾ ਮੂਲ ਤਤ ਮੰਨਦਾ ਸੀ, ਪ੍ਰੰਤੂ ਉਸ ਨੇ ਇਸ ਸੰਕਲਪ ਨੂੰ ਭੌਤਿਕ ਤੇ ਮਾਨਸਿਕ ਪ੍ਰਾਪਤੀਆਂ ਦੀ ਥਾਂ ਸੰਸਾਰਕ ਸੁਖਾਂ ਤੇ ਮਨੋਕਾਮਨਾਵਾਂ ਦੀ ਪੂਰਤੀ ਲਈ ਵਰਤਿਆ, ਇਸ ਨੂੰ ਜਾਦੂ-ਟੂਣੇ ਤੇ ਰਹੁ-ਰੀਤੀਆਂ ਦਾ ਆਧਾਰ ਬਣਾਇਆ। ਲਾਗਵਾਂ ਜਾਦੂ, ਜਿਸ ਦਾ ਪਿਛੇ ਵੀ ਜ਼ਿਕਰ ਆ ਚੁਕਾ ਹੈ, ਇਸੇ ਸਿਧਾਂਤ ਤੋਂ ਟੇਕ ਲੈਂਦਾ ਹੈ ਕਿ ਜਿਹੜੀ ਵਸਤੂ ਇਕ ਵਾਰ ਕਿਸੇ ਪ੍ਰਾਣੀ ਦੇ ਸੰਪਰਕ ਵਿਚ ਕਿਸੇ ਵੇਲੇ ਵੀ ਰਹੀ ਹੋਵੇ, ਉਹ ਉਸ ਤੋਂ ਅਡ ਹੋ ਕੇ ਵੀ ਕਿਸੇ ਸੂਖਮ ਸਬੰਧਾਂ ਦੁਆਰਾ ਮੂਲ ਨਾਲ ਜੁੜੀ ਰਹਿੰਦੀ ਹੈ ਤੇ ਉਸ ਅੰਗ ਰਾਹੀਂ ਮੂਲ ਅੰਸ਼ੀ ਨਾਲ ਸੰਪਰਕ



Sri Satguru Jagjit Singh Ji eLibrary NamdhariElibrary@gmail.com

ਲਿਆ ਜਾ ਸਕਦਾ ਹੈ। 'ਨਾਮੀ' ਜੇ 'ਅੰਸ਼ੀ' ਹੈ ਤਾਂ 'ਨਾਮ' ਉਸ ਦਾ 'ਅੰਸ਼' ਹੈ।

ਕਈ ਆਦਿਮ ਜਾਤੀਆਂ ਵਿਚ 'ਨਾਉਂ' ਦੀ ਮਹੱਤਤਾ ਕਾਰਨ ਪ੍ਰਾਣੀ ਦਾ ਅਸਲ ਨਾਉਂ ਗੁਪਤ ਰਖਣ ਦੀ ਪ੍ਰਥਾ ਹੈ। ਜਿਸ ਦੇ ਵਰਤਾਰੇ ਵਿਚ ਕੋਈ ਉਪ-ਨਾਉਂ ਹੀ ਵਰਤਿਆ ਜਾਂਦਾ ਹੈ। 'ਨਾਮ' ਦੇ ਗੁਪਤ ਰਖਣ ਦਾ ਕਾਰਨ 'ਨਾਮੀ' ਨੂੰ, ਗੁਪਤ ਵਿਧੀਆਂ ਰਾਹੀਂ, ਕਿਸੇ ਦੂਜੇ ਦੇ ਅਧਿਕਾਰ ਹੇਠ ਆਉਣ ਤੋਂ ਬਚਾਉਣਾ ਹੈ। ਦੇਵੀ ਦੇਵਤਿਆਂ ਦੇ ਅਨੇਕਾਂ ਨਾਵਾਂ ਦੇ ਪ੍ਰਚਲਤ ਹੋਣ ਦਾ ਕਾਰਨ ਵੀ ਇਹੋ ਸੰਕਲਪ ਹੈ। ਉਪਾਸ਼ਕ ਆਪਣੇ ਇਸ਼ਟ ਦੇਵ ਦਾ ਮੂਲ ਨਾਉਂ ਗੁਪਤ ਰਖਦੇ ਸਨ ਤੇ ਉਸ ਦਾ ਕਿਰਤਮ ਨਾਮ ਹੀ ਨੀਵੀਆਂ ਜਾਂ ਗੈਰ ਜਾਤੀ ਦੇ ਲੋਕਾਂ ਨੂੰ ਦਸਿਆ ਕਰਦੇ ਸਨ, ਕਿਉਂ ਜੋ ਮੂਲ ਨਾਮ ਵਿਚ ਨਾਮੀ ਲੀਨ ਹੁੰਦਾ ਹੈ ਤੇ ਗੈਰ-ਜਾਤੀਆਂ ਦੇ ਅਧਿਕਾਰ ਹੇਠ ਆ ਕੇ ਇਸ ਦੇ ਭ੍ਰਿਸ਼ਟ ਹੋਣ ਦੀ ਸੰਭਾਵਨਾ ਹੁੰਦੀ ਹੈ।

ਗੁਰਮਤਿ ਵਿਚ ਪ੍ਰਭੂ ਵਿਚ ਲੀਨ ਹੋਣ ਦਾ ਮੁਖ ਸਾਧਨ ਨਾਮ ਦਾ ਜਾਪ ਹੈ :—

ਅਵਰਿ ਕਾਜ ਤੇਰੈ ਕਿਤੈ ਨ ਕਾਮ
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ

(ਆਸਾ ਮਹਲਾ ੫)

ਨਾਮ ਕਲਿਆਨ ਰੂਪ ਹੈ। ਨਾਮ ਸਭ ਦੁਖਾਂ ਕਲੇਸ਼ਾਂ ਦਾ ਦਾਰੂ ਹੈ ਤੇ ਨਾਮ ਦਾ ਜਾਪ ਜਗਿਆਸੂ ਨੂੰ ਵਿਸਮਾਦ ਦੀ ਉਚੇਰੀ ਅਵਸਥਾ ਵਿਚ ਪਹੁੰਚਾ ਦੇਂਦਾ ਹੈ। ਨਾਮ ਦੀ ਮਹੱਤਤਾ ਬਾਰੇ ਗੁਰੂ ਅਰਜਨ ਦੇਵ ਜੀ ਲਿਖਦੇ ਹਨ :—

(ੳ) ਸਰਬ ਰੋਗ ਕਾ ਅਉਖਦੁ ਨਾਮੁ
ਕਲਿਆਣ ਰੂਪ ਮੰਗਲ ਗੁਣ ਨਾਮ

(ਗਉੜੀ, ਸੁਖਮਨੀ)

(ਅ) ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ
ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ
ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ

(ਵਾਰ ਜੈਤਸਰੀ ਮਹਲਾ ੫)

ਨਾਮ ਨੂੰ ਹਿਰਦੇ ਵਿਚ ਵਸਾ ਕੇ ਜੀਵ ਬ੍ਰਹਮ ਵਿਚ ਅਜਿਹਾ ਲੀਨ ਹੋ ਜਾਂਦਾ ਹੈ ਕਿ ਦੋਹਾਂ ਵਿਚ ਕੋਈ ਭਿੰਨ-ਭੇਦ ਨਹੀਂ ਰਹਿੰਦਾ :—

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ
ਏਕਹਿ ਆਪਿ ਨਹੀ ਕਛੁ ਭਰਮੁ (ਗਉੜੀ ਸੁਖਮਨੀ)

ਗੁਰੂ ਨਾਨਕ ਦੇਵ ਨੇ ਵੀ ਇਹ ਭਾਵ ਧਨਾਸਰੀ ਰਾਗ ਵਿਚ 'ਠਾਕੁਰ ਮਹਿ ਦਾਸੁ ਦਾਸ ਮਹਿ ਸੋਇ' ਰਾਹੀਂ ਪ੍ਰਗਟ ਕੀਤਾ ਹੈ।

ਗੁਰਮਤਿ ਵਿਚ ਨਾਮ ਦਾ ਸੰਕਲਪ ਆਦਿਮ ਦੇ ਨਾਮ ਦੇ ਸੰਕਲਪ ਨਾਲੋਂ ਵਿਲਖੱਣ ਹੈ। ਗੁਰਮਤਿ ਦਾ ਨਾਮ ਆਦਿਮ ਮਾਨਵ ਦੇ ਨਾਮ ਨਾਲੋਂ ਵਧੇਰੇ ਸੂਖਮ, ਅਲੱਖ ਤੇ ਸਰਬ ਵਿਆਪੀ ਹੈ। ਆਦਿਮ ਵਿਚ ਨਾਮ ਇਕ ਅਜਿਹੀ ਸੰਗਿਆ ਹੈ ਜੋ ਮੂਲ ਤਤ ਨਾਲ ਜੁੜੀ ਰਹਿੰਦੀ ਹੈ ਤੇ ਸੀਮਿਤ ਹੈ। ਗੁਰਮਤਿ ਵਿਚ ਨਾਮ ਇਕ ਅਸੀਮ ਸ਼ਕਤੀ ਹੈ ਜੋ ਸਾਰੀ ਰਚਨਾ ਵਿਚ ਅਨੇਕ ਰੂਪਾਂ ਵਿਚ ਸਮਾਈ ਹੋਈ ਹੈ—

ਨਾਮ ਕੇ ਧਾਰੇ ਸਗਲੇ ਜੰਤ
ਨਾਮ ਕੇ ਧਾਰੇ ਖੰਡ ਬ੍ਰਹਮੰਡ
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ
ਨਾਮ ਕੇ ਧਾਰੇ ਆਗਾਸ ਪਾਤਾਲ
ਨਾਮ ਕੇ ਧਾਰੇ ਸਗਲ ਆਕਾਰ
ਨਾਮ ਕੇ ਧਾਰੇ ਪੁਰੀਆ ਸਭ ਭਵਨ
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ।

(ਗਉੜੀ, ਸੁਖਮਨੀ)

ਆਦਿਮ ਮਾਨਵ ਨਾਮ ਨੂੰ ਨਾਮੀ ਉਤੇ ਅਧਿਕਾਰ ਪ੍ਰਾਪਤ ਕਰਨ ਲਈ ਵਰਤਦਾ ਸੀ, ਮੋਖ ਲਈ ਨਹੀਂ, ਬਾਣੀ ਵਿਚ ਨਾਮ ਮੁਕਤੀ ਦਾ ਸਾਧਨ ਹੈ।

ਨਾਮ ਦਾ ਜਾਪ ਤੇ ਸਿਮਰਨ ਸ਼ਬਦ ਰਾਹੀਂ ਕੀਤਾ ਜਾਂਦਾ ਹੈ, ਇਸ ਲਈ ਇਥੇ ਸ਼ਬਦ ਸ਼ਕਤੀ ਉਤੇ ਵਿਚਾਰ ਕਰਨਾ ਵੀ ਜ਼ਰੂਰੀ ਜਾਪਦਾ ਹੈ।

ਭਗਤੀ ਮਾਰਗ ਵਿਚ 'ਸ਼ਬਦ' ਦੀ ਵੀ ਇਕ ਖਾਸ ਮਹੱਤਤਾ ਹੈ। ਸ਼ਬਦ ਇਕ ਅਜਿਹਾ ਦੀਪਕ ਹੈ ਜੋ ਅੰਧਕਾਰ ਨੂੰ ਮਿਟਾਂਦਾ ਹੈ, ਤੇ ਮਨ ਨੂੰ ਟਿਕਾਓ ਵਿਚ ਰਖਦਾ ਹੈ :—

(ੳ) ਅੰਧਕਾਰੁ ਮਿਟਿਓ ਤਿਹ ਤਨ ਤੇ
ਗੁਰਿ ਸਬਦਿ ਦੀਪਕੁ ਪਰਗਾਸਾ॥
(ਅ) ਜਿਉ ਮੰਦਰ ਕਉ ਥਾਮੈ ਥੰਮਨੁ

ਗਉੜੀ, ਮਹਲਾ ੫

ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ

ਗਉੜੀ, ਸੁਖਮਨੀ

ਸ਼ਬਦ ਆਪਣੀ ਸ਼ਕਤੀ ਨਾਲ ਪ੍ਰਾਣੀ ਦੀ ਰਖਿਆ ਵੀ ਕਰਦਾ ਹੈ :

ਗੁਰ ਕਾ ਸਬਦੁ ਰਖਵਾਰੇ
ਚਉਕੀ ਚਉਗਿਰਦ ਹਮਾਰੈ
ਰਾਮ ਨਾਮਿ ਮਨੁ ਲਾਗਾ
ਜਮੁ ਲਜਾਇ ਕਰਿ ਭਾਗਾ (ਸੋਰਠਿ ਮਹਲਾ ੫)

ਗੁਰਬਾਣੀ ਵਿਚ ਸ਼ਬਦ ਖੁਦ ਬ੍ਰਹਮ ਹੈ। ਸ਼ਬਦ ਦੀ


Sri Satguru Jagjit Singh Ji eLibrary NamdhariElibrary@gmail.com

ਪ੍ਰਾਪਤੀ ਹੀ ਬ੍ਰਹਮ ਦੀ ਪ੍ਰਾਪਤੀ ਹੈ। ਸ੍ਰਿਸ਼ਟੀ ਦਾ ਆਰੰਭ ਸ਼ਬਦ ਦੀ ਧੁਨੀ ਤੋਂ ਹੀ ਹੋਇਆ—

ਉਤਪਤਿ ਪਰਲਉ ਸਬਦੇ ਹੋਵੈ
ਸਬਦੇ ਹੀ ਫਿਰਿ ਓਪਤਿ ਹੋਵੈ     ਮਾਝ ਮਹਲਾ ੩

ਗੁਰੂ ਨਾਨਕ ਦੇਵ ਅਨੁਸਾਰ ਸ਼ਬਦ ਸਾਰੇ ਸੰਸਾਰ ਵਿਚ ਰਸਿਆ ਤੇ ਰਮਿਆ ਹੋਇਆ ਹੈ :—

ਚਹੁਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁਦਿਸਿ ਨਾਮੁ ਪਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥
ਮਲਾਰ ਮ: ੧

ਗੁਰੂ ਸਾਹਿਬ ਨੇ ਵੀ ਸ਼ਬਦ ਨੂੰ ਗੁਰੂ ਅਥਵਾ ਬ੍ਰਹਮ ਦਾ ਰੂਪ ਮੰਨਿਆ ਹੈ :

ਸਬਦੁ ਗੁਰੂ ਪੀਰ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ     ਸੋਰਠ ਮਹਲਾ ੧

ਸ਼ਬਦ ਜਾਂ ਗੁਰਮੰਤ੍ਰ ਦੀ ਅਥਾਹ ਸ਼ਕਤੀ ਪਿਛੇ ਜੋ ਸੰਕਲਪ ਹੈ, ਉਸ ਦਾ ਮੂਲ ਵੀ ਅੰਸ਼ ਤੇ ਅੰਸ਼ੀ ਦੀ ਅਭੇਦਤਾ ਹੈ। ਸ਼ਬਦ ਜਾਂ ਗੁਰਮੰਤ੍ਰ ਜੋ ਕਿਸੇ ਗੁਰੂ ਪੀਰ ਜਾਂ ਦੈਵੀ ਰੂਹਾਂ ਦੇ ਧਾਰਨੀ ਮਹਾਂਪੁਰਸ਼ ਦਾ ਉਚਾਰਿਆ ਹੁੰਦਾ ਹੈ, ਉਸ ਵਿਚ ਉਸ ਮਹਾਂਪੁਰਸ਼ ਦੇ ਆਤਮ-ਤੱਤ ਤੇ ਅਧਿਆਤਮਕ ਸਾਧਨਾ ਅੰਸ਼ ਮਾਤਰ ਵਿਚ ਲੀਨ ਰਹਿੰਦੇ ਹਨ ਤੇ ਜਦੋਂ ਕੋਈ ਪ੍ਰਾਣੀ ਉਸ ਸ਼ਬਦ ਜਾਂ ਗੁਰ-ਮੰਤਰ ਦਾ ਉਚਾਰਨ ਜਾਂ ਜਾਪ ਕਰਦਾ ਹੈ ਤਾਂ ਇਸ ਸਾਧਨਾ ਰਾਹੀਂ ਉਸ ਮਹਾਂਪੁਰਸ਼ ਦੇ ਆਤਮ-ਤੱਤ ਦਾ ਕੁਝ ਅੰਸ਼ ਸਾਧਕ ਵਿਚ ਲੀਨ ਹੋ ਜਾਂਦਾ ਹੈ। ਸ਼ਬਦ ਵਿਚ ਬ੍ਰਹਮ ਜਾਂ ਗੁਰੂ ਖੁਦ ਅੰਸ਼ ਮਾਤਰ ਵਸਦਾ ਹੈ ਤੇ ਉਥੋਂ ਹੀ ਆਪਣੀ ਦੈਵੀ ਸ਼ਕਤੀ ਨਾਲ ਸਾਡੀ ਕਾਮਨਾ ਸਿੱਧੀ ਕਰਦਾ ਹੈ।

ਲੋਕਧਾਰਾ ਵਿਚ 'ਮੰਤ੍ਰ' ਤੋਂ ਭਾਵ ਉਹ ਸ਼ਬਦ ਜਾਂ ਸ਼ਬਦ ਸਮੂਹ ਹੈ ਜਿਸ ਦੇ ਉਚਾਰਨ ਨਾਲ ਪ੍ਰਾਣੀ ਦੀ ਸੰਕਟ ਸਮੇਂ ਰਖਿਆ ਹੋਵੇ। ਮੰਤ੍ਰ ਦੇ ਸ਼ਬਦ ਵਿਚ ਇਕ ਸ਼ਕਤੀ ਮੰਨ ਲਈ ਗਈ ਹੈ, ਜੋ ਸਹਿਜ ਭਾਵ ਵਿਚ ਹੀ ਰਖਿਆ ਕਰਦੀ ਜਾਂ ਮਨੋਕਾਮਨਾ ਪੂਰੀ ਕਰਦੀ ਹੈ।

ਗੁਰੂ ਅਰਜਨ ਦੇਵ ਨੇ ਵੀ ਗੁਰ-ਮੰਤਰ ਨੂੰ ਇਕ ਅਜਿਹੀ ਸ਼ਕਤੀ ਦਸਿਆ ਹੈ ਜੋ ਦੁਖ-ਕਲੇਸ਼ ਤੇ ਡਰ ਤੋਂ ਮੁਕਤ ਕਰਦੀ ਹੈ :—

ਦੂਖੁ ਕਲੇਸੁ ਨ ਭਉ ਬਿਆਪੈ
ਗੁਰ ਮੰਤ੍ਰੁ ਹਿਰਦੈ ਹੋਇ     ਸਿਰੀ ਰਾਗ ਮਹਲਾ ੫

ਇਕ ਪਾਸੇ ਸਾਧਕ ਨਾਮ ਦੇ ਮਾਧਿਅਮ ਤੋਂ ਨਾਮੀ (ਬ੍ਰਹਮ) ਤਕ ਪਹੁੰਚਣ ਦੇ ਯਤਨ ਕਰਦਾ ਹੈ ਤੇ ਦੂਜੇ ਪਾਸੇ ਆਪਣੇ ਅੰਦਰ ਵਸਦੀ ਉਸ ਜੋਤ ਰਾਹੀਂ ਜੋ ਨਾਮੀ (ਬ੍ਰਹਮ) ਦਾ ਹੀ ਅੰਸ਼ ਹੈ। ਆਤਮਾ, ਬ੍ਰਹਮ ਦੀ ਅੰਸ਼ ਹੈ ਤੇ ਅੰਸ਼ ਰਾਹੀਂ ਅੰਸ਼ੀ ਤਕ ਪਹੁੰਚਣ ਦਾ ਸਿਧਾਂਤ ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ, ਆਦਿਮ ਸੰਕਲਪ ਹੈ, ਭਗਤੀ ਮਾਰਗ ਵਿਚ ਇਸੇ ਆਦਿਮ ਵਿਸ਼ਵਾਸ ਨੂੰ ਬ੍ਰਹਮ ਤਕ ਪਹੁੰਚਣ ਲਈ ਅਪਨਾ ਲਿਆ ਗਿਆ ਹੈ।

ਪ੍ਰਭੂ ਅੰਸ਼ ਰੂਪ ਵਿਚ ਸਾਡੇ ਅੰਦਰ ਵਸਦਾ ਹੈ। ਨਿਰੰਕਾਰ ਨੇ ਮਨੁੱਖੀ ਸਰੀਰ ਵਿਚ ਆਪਣੀ ਜੋਤਿ, ਬੀਜ ਰੂਪ ਵਿਚ ਰਖੀ ਹੋਈ ਹੈ :—

ਸਰਬ ਜੋਤਿ ਮਹਿ ਜਾ ਕੀ ਜੋਤਿ
ਧਾਰਿ ਰਹਿਓ ਸੁਆਮੀ ਓਤਿ ਪੋਤਿ     ਗਉੜੀ ਸੁਖਮਨੀ

ਜੀਵ ਇਸ ਜੋਤਿ ਨੂੰ ਠੀਕ ਸਾਧਨਾ ਨਾਲ ਵਿਗਸਿਤ ਕਰਕੇ ਇਸੇ ਜੋਤਿ ਅੰਸ਼ ਤੋਂ ਮੂਲ ਤੱਤ ਅਥਵਾ ਨਿਰੰਕਾਰ ਅੰਸ਼ੀ ਤਕ ਪਹੁੰਚਣ ਵਿਚ ਸਫਲ ਹੋ ਸਕਦਾ ਹੈ। ਗੁਰਮਤਿ ਵਿਚ ਨਾਮ ਦਾ ਜਾਪ ਤੇ ਧਿਆਨ, ਸਿਮਰਨ ਤੇ ਭਗਤੀ ਭਾਵਨਾ ਆਦਿ ਬ੍ਰਹਮ ਤਕ ਪਹੁੰਚਣ ਦੇ ਮਾਰਗ ਹਨ ਤੇ ਇਨ੍ਹਾਂ ਰਾਹੀਂ ਅਖੀਰ ਜੀਵਾਤਮਾ ਦਾ ਅੰਸ਼ ਬ੍ਰਹਮ ਅੰਸ਼ੀ ਤਕ ਪਹੁੰਚ ਜਾਂਦਾ ਹੈ, ਜਿਵੇਂ ਸੂਰਜ ਨੂੰ ਸੂਰਜ ਦੀ ਕਿਰਨ ਜਾ ਮਿਲਦੀ ਹੈ :—

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ
(ਬਿਲਾਵਲ ਮਹਲਾ ੫)

(“ਪੰਜਾਬੀ ਸਾਹਿਤ ਇਤਿਹਾਸ ਦੀਆਂ ‘‘ਲੋਕ ਕੜੀਆਂ’’ ਪੁਸਤਕ ਵਿਚੋਂ ਧਨਵਾਦ ਸਹਿਤ।”)



ਸ: ਅਮਰੀਕ ਸਿੰਘ ਜਿਨ੍ਹਾਂ ਦੀ ਪੁਸਤਕ ਨਿਖੰਡੇ ਤੇ ਨਿਥੰਤੇ ਨੂੰ ਜੰਮੂ-ਕਸ਼ਮੀਰ ਦੀ ਕਲਚਰਲ ਅਕੈਡਮੀ ਨੇ ਸਾਲ ੧੯੮੬-੮੭ ਲਈ ੨੦੦੦ ਰੁਪੈ ਦਾ ਪਹਿਲਾ ਇਨਾਮ ਦਿਤਾ ਹੈ



Sri Satguru Jagjit Singh Ji eLibrary NamdhariElibrary@gmail.com

ਸਿਲਸਲਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਅਪਰੈਲ ੧੯੮੭ ਅੰਕ ਵੇਖੋ)



ਸਤਿਗੁਰੂ ਜਗਜੀਤ ਸਿੰਘ ਜੀ

## ਚਲਦਾ ਪ੍ਰਸੰਗ—੫ ਅਕਤੂਬਰ ੧੯੭੮, ਵੀਰਵਾਰ ਨਵੀਂ ਦਿੱਲੀ

### ਬੀਬੀ ਬਲਜੀਤ

ਸਵੇਰੇ, ਸ੍ਰੀ ਸਤਿਗੁਰੂ ਜੀ ਹੋਲੀ ਫੈਮਿਲੀ ਹਸਪਤਾਲ ਵਿਚ ਇਕ ਵਾਰ ਆਪਣੀ ਚਾਚੀ, ਮਾਤਾ ਮਹਿੰਦਰ ਕੌਰ ਜੀ ਦਾ ਹਾਲ ਚਾਲ ਪੁਛਣ ਗਏ ਸਨ। ਪਰ ਓਦੋਂ ਮਾਤਾ ਜੀ ਉਪਰੇਸ਼ਨ ਥੀਏਟਰ ਵਿਚ ਪਹੁੰਚ ਚੁਕੇ ਸਨ। ਮਾਤਾ ਜੀ ਦੀ ਨੂੰਹ ਬੀਬੀ ਬਲਜੀਤ ਸੁਪਤਨੀ ਸ. ਵਿਜੇਂਦਰ ਸਿੰਘ ਬੱਲ, ਜੋ ਕਈ ਵਾਰ ਸਤਿਗੁਰੂ ਜੀ ਨੂੰ ਘਰ ਚਰਨ ਪਾਉਣ ਲਈ ਬੇਨਤੀ ਕਰ ਚੁਕੀ ਸੀ। ਸ੍ਰੀ ਸਤਿਗੁਰੂ ਇਸ ਬਾਲਿਕਾ ਵਾਸਤੇ ਮੋਹ ਭਰਿਆ ਧਿਆਨ ਰਖਦੇ ਹਨ। ਸ. ਗੁਰਚਰਨ ਸਿੰਘ ਝਲੇਰਾ, ਨੌਰੰਗੀ ਵਾਲਿਆਂ ਆਪਣੀ ਭੈਣ ਦੇ ਗੁਰੂ ਆਗਿਆ ਨਾਲ ਹੀ ਸੰਬੰਧ ਜੋੜੇ ਸਨ। ਬੀਬੀ ਜੀ ਧਰਮ ਸੇਵਾ ਵਾਲੀ ਅਤੇ ਹੁਣ ਦੋ ਪੁਤਰੀਆਂ ਦੀ ਮਾਂ, ਸੋ ਦਸੀ ੭.੩੦ ਵਜੇ ਆਪ ਜੀ ਕੁਝ ਚਿਰ ਸਵਿਤ ਮਹਾਰਾਜ ਨਿਹਾਲ ਸਿੰਘ ਜੀ ਵਾਲੇ ਮਕਾਨ ਵਿਚ ਦਰਸ਼ਨ ਦੇ ਕੇ ਆਏ।

ਸਤਿਗੁਰੂ ਜੀ ਨੇ ਵਾਪਸ ਆਕੇ ਮੁਸਕਰਾਂਦਿਆਂ ਦੱਸਿਆ: ਬਲਜੀ, ਜੀ ਤੇ ਬਹੁਤ ਕਿਰਪਾ ਹੈ। ਉਨ੍ਹਾਂ ਆਖਿਆ ਹੈ, ਉਨ੍ਹਾਂ ਦੀ ਮਾਤਾ ਜੀ ਨਮਿਤ ਇਕ ਵਹਨੀ ਕਰਵਾਈ ਜਾਵੇ। ਮੈਂ ਉਨ੍ਹਾਂ ਨੂੰ ਕਿਹਾ ਵਹਨੀ ਵੀ ਹੋਵੇਗੀ ਅਤੇ ਇਕ ਅਖੰਡ ਪਾਠ ਵੀ।

ਸ੍ਰੀ ਸਤਿਗੁਰੂ ਜੀ ਨੇ ਸ. ਹੰਸਪਾਲ ਨੂੰ ਆਗਿਆ ਕੀਤੀ ਕਿ ਉਹ ਭੈਣੀ ਸਾਹਿਬ ਫੋਨ ਸੰਪਰਕ ਕਰਕੇ ਅੱਜ ਹੀ ਅਖੰਡ ਪਾਠ ਸ਼ੁਰੂ ਕਰ ਦੇਣ ਲਈ ਆਖੇ ਅਤੇ ਸਵੇਰੇ ਵਹਨੀ ਵੀ ਹੋ ਜਾਵੇ। ਪਰ ਸੰਤ ਤਰਸੇਮ ਸਿੰਘ ਨੇ ਓਸੇ ਵੇਲੇ ਇਹ ਕਾਰਜ ਜ਼ਿੰਮੇ ਲੈ ਲਿਆ।

### ਸ. ਗੁਰਮੀਤ ਸਿੰਘ ਸਿੱਧੂ

ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਇਕ ਮੀਟਿੰਗ ਸ. ਗੁਰਮੀਤ ਸਿੰਘ ਸਿੱਧੂ ਨਾਲ ਹੋਈ। ਪੰਦਰਾਂ ਮਿੰਟ ਤਕ ਸ੍ਰੀ ਸਤਿਗੁਰੂ ਜੀ ਤੇ ਸ. ਸਿੱਧੂ ਅੰਦਰ ਬੈਠੇ ਗੱਲਬਾਤ ਕਰਦੇ ਰਹੇ। ਅੰਦਰੋਂ ਨਿਕਲ ਤਾਂ ਸਿੱਧੂ ਅਟੈਚੀਕੇਸ ਫੜਦਿਆਂ ਹੀ ਝਟਾ ਫਟ ਪੌੜੀਆਂ ਉਤਰ ਗਿਆ।

### ਮਿੱਤਰ ਕਾਬੂ

ਮੇਰਾ ਇਕ ਗੂੜ੍ਹਾ ਮਿੱਤਰ ਸ੍ਰੀ ਸਤਿਗੁਰੂ ਜੀ ਨਾਲ ਆਸ਼ਕੀ ਦਾ ਸੁਆਦ ਵੀ ਲੈਂਦਾ ਹੈ, ਉਂ ਵੀ ਨੇਮੀ ਧਰਮੀ ਹੈ। ਅਜ ਕਾਬੂ ਆ ਗਿਆ। ਚਹੁੰ ਭਰਾਵਾਂ ਦੀ ਇਕੋ ਭੈਣ ਲਈ ਉਸ, ਸਗਾਈ ਉਤੇ ਖੁਲ੍ਹ ਖਰਚ ਕਰ ਦਿਤਾ। ਸਤਿਗੁਰੂ ਜੀ ਦੀ ਸੇਵਾ ਵਿਚ ਕਿਸੇ ਬੇ-ਨਾਮੀ ਅਰਦਾਸ ਲਿਖ ਭੇਜੀ: "...ਨੇ ੮੦੦੦/- ਸਗਨ ਦੇਣ ਲਗਿਆਂ ਖਰਚ ਕੀਤਾ ਹੈ। ਗਰੀਬ ਸਿੱਖਾਂ ਨੂੰ ਦਪੇਰੇ ਭੌਨ ਲਗਦੇ ਹਨ, ਇਸਨੂੰ ਪਤਾ ਨਹੀਂ ਪੁਛਿਆ ਜਾਏ ਜਾਂ ਨਾ।"

ਮਿੱਤਰ ਨੇ ਲੜਕੀ ਦੀ ਸ਼ਾਦੀ ਬਾਰੇ ਤਾਰੀਖ ਮਿਥਣ ਲਈ ਅਰਜ਼ ਕੀਤੀ। ਸਤਿਗੁਰਾਂ ਪੁਛਿਆ ਕੋਈ ਸਗਨ ਸਾਰ ਤਾਂ ਨਹੀਂ ਕੀਤਾ?



Sri Satguru Jagjit Singh Ji eLibrary NamdhariElibrary@gmail.com

"ਜੀ ਅਰਦਾਸਾ ਨਹੀਂ ਕੀਤਾ !"

ਸ੍ਰੀ ਸਤਿਗੁਰੂ ਜੀ ਅਣਸੁਣੀ ਕਰਕੇ ਅਗਾਂਹ ਲੰਘ ਗਏ ਪਰ ਉਨ੍ਹਾਂ ਨੂੰ ਜਾਪਤ ਆਈ ਅਰਦਾਸ ਤੇ ਵਿਸ਼ਵਾਸ ਹੋ ਗਿਆ। ਮੇਰਾ ਮਿੱਤਰ ਮੈਨੂੰ ਵੀ ਇਸ ਗੱਲ ਵਿਚ ਲੈਣਾ ਚਾਹੁੰਦਾ ਸੀ, ਭਾਵੇਂ ਮੈਨੂੰ ਕਿਸੇ ਲੈਣ-ਦੇਣ ਦਾ ਪਤਾ ਨਹੀਂ ਸੀ। ਮੈਂ ਸ. ਹੰਸਪਾਲ ਨਾਲ ਗੱਲ ਕੀਤੀ। ਉਸ, ਮਿੱਤਰ ਨੂੰ ਸਤਿਗੁਰੂ ਜੀ ਪਾਸ ਸੱਦਾ ਲਿਆ। ਸ੍ਰੀ ਹਜ਼ੂਰ ਦੇ ਪੁੱਛਣ ਤੇ ਮਿੱਤਰ ਨੇ ੨੦੦੦/- ਖਰਚ ਕੀਤਾ ਮੰਨਿਆ ਅਤੇ ਨਾਲ ਹੀ ਇਸ ਲਈ ਭੇਟ ਦੀ ਮੰਗ ਕਿਆ। ਸਿੰਘ ਨੇ 'ਪਹਿਲਾ ਗੁਰੂ-ਘਰ ਵਲੋਂ ਮੰਗੀ ਗਈ ਉਧਾਰੀ ਰਕਮ ਦੀ ਬੱਸ਼ਕ ਨ ਦੇਣ ਦੀ ਗੱਲ ਕੀਤੀ।

ਮੈਂ ਸੁਚੇਤ ਰੂਪ ਵਿਚ ਸਤਿਗੁਰੂ ਜੀ ਦੇ ਫੈਸਲੇ ਤੇ ਧਿਆਨ ਕਰ ਰਿਹਾ ਸਾਂ। ਮੇਰਾ ਮਿੱਤਰ ਆਪਣੀ ਥਾਂ ਸੀ, ਪੰਥ ਦੀ ਮਾਨ ਮਰਿਆਦਾ ਆਪਣੀ ਜਗ੍ਹਾ ਅਤੇ ਸਤਿਗੁਰੂ ਜੀ ਦਾ ਫੈਸਲਾ ਕਿਸ ਅਧਾਰ ਤੇ ? ਸਤਿਗੁਰਾਂ ਬਚਨ ਕੀਤਾ : ਕਾਹਲੀ ਵਿਚ ਕੋਈ ਫੈਸਲਾ ਨਹੀਂ ਕਰਨਾ। ਮੈਨੂੰ ਦੋਬਾਰਾ ਦਿੱਲੀ ਆਇਆਂ ਮਿਲੋ।

ਮੇਰੇ ਮਿੱਤਰ ਨੇ ਮੈਨੂੰ ਆਖਿਆ : ਸੱਚੇ ਪਾਤਸ਼ਾਹ, ਜੋ ਵੀ ਭੇਟ ਲਾਉਣਗੇ, ਖਿੜੇ ਮੱਥੇ ਪਰਵਾਨ ਕਰਾਂਗਾ। ਸ. ਹੰਸਪਾਲ ਅਜ ਹੀ 'ਗੱਲ ਮੁਕਾਣੀ' ਚਾਹੁੰਦਾ ਸੀ ਪਰ ਸਤਿਗੁਰੂ ਉਸ "ਅਰਦਾਸ" ਦੇ ਵਿਚਾਰਪੂਰਵਕ ਪੜਤਾਲ ਕਰਕੇ ਪਬਲਿਕ ਵਿਚ ਮਿੱਤਰ ਨੂੰ ਭੰਡੀ ਕਰਨਾ ਚਾਹੁੰਦੇ ਸਨ।

**ਗੁਆਂਢੀ**

ਮਿੱਤਰ ਵਿਦਾ ਹੋਇਆ ਤਾਂ ਇਕ ਵਿਸ਼ੇਸ਼ ਗੁਆਂਢੀ ਦੀ ਵਾਰੀ ਆ ਗਈ। ਛੋਟਾ ਲੜਕਾ ਉਹਦੇ ਨਾਲ ਸੀ। ਗੁਆਂਢੀ ਸੱਜਣ ਪਰਸੋਂ ਤਕ ਆਪਣੇ ਵੱਡੇ ਲੜਕੇ ਦੀ ਵਿਆਹਦੜ ਲੈ ਆਉਣ ਲਈ 'ਮਿਲਣੀ' ਦੀ ਸ਼ਕਲ ਵਿਚ ਦੋ ਪੁਤਰਾਂ ਤੇ ਇਕ ਪਤਨੀ ਨੂੰ ਭੇਜਣਾ ਚਾਹੁੰਦਾ ਸੀ।

ਗੁਆਂਢੀ ਕਦੇ ਤਜਵੀਜ਼ ਦੇਵੇ : ਦੀਨ ਦਿਆਲ, ਹੁਕਮ ਆਪ ਜੀ ਦਾ ਹੀ ਮੰਨਾਂਗਾ ਪਰ ਜੇ (ਮੁਕਲਾਵੇ ਸਮੇਂ) ਲੜਕੇ ਦੀ ਮੰਮੀ ਦੇ ਨਾਲ ਨਹੀਂ ਜਾਣਾ ਤਾਂ ਭੇਜ ਜਾਏ ਦੋਹਾਂ ਭਰਾਵਾਂ ਨਾਲ। ਕਦੇ ਆਖੇ : ਉਹਦੀ ਮਾਂ ਤੇ ਮੁੰਡਾ ਚਲੇ ਜਾਣ। ਸਤਿਗੁਰੂ ਜੀ ਨੇ ਆਪਣੇ ਬਿਰਦ ਪਏ ਸਿੰਘ ਨੂੰ ਸਮਝਾਇਆ : ਆਪਾਂ ਬਾਦਾਂ ਟਾਹਣੂੰ ਖੇਡ ਰਹੇ ਹਾਂ। ਇਕ ਗੋਡੀ ਇਕ ਖਾਨਿਓਂ ਚੁਕ ਦੂਜੇ ਵਿਚ ਧਰ ਇਕ ਦੂਜੇ ਨੂੰ ਮਾਤ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਖੇਡਦਾ ਰਹੁ ਜਿੰਨਾ ਚਿਰ ਮਰਜ਼ੀ ਉ। ਪਰ ਮੈਂ ਤੇਰੇ ਤੋਂ ਇਹ ਉਮੀਦ ਨਹੀਂ ਸਾਂ ਕਰਦਾ।

ਅੰਤ ਸਤਿਗੁਰੂ ਜੀ ਨੇ ਤਿੰਨ ਸੁਝਾਅ ਰਖੇ : ਸਭ ਤੋਂ ਉੱਤਮ—ਤੁਸੀਂ ਕੋਈ ਵੀ ਨ ਜਾਓ। ਮੈਂ ਉਹਨਾਂ (ਸਹੁਰੇ ਘਰ) ਨੂੰ ਕਹਿੰਦਾ ਹਾਂ ਲੜਕੀ ਛੱਡ ਜਾਣਗੇ। ਨੰਬਰ ਦੋ, ਕੱਲੇ ਲੜਕੇ ਨੂੰ ਭੇਜ ਦਿਓ, ਲੜਕੀ ਲੈ ਆਵੇ। ਨੰਬਰ ਤਿੰਨ, ਤੂੰ ਆਪ ਚਲਾ ਜਾਹ ਅਤੇ ਨੂੰਹ ਨੂੰ ਲੈ ਆ।

ਨੰਬਰ ਦੋ ਸੁਝਾਅ ਉੱਤੇ ਰਜ਼ਾਮੰਦੀ ਹੋ ਗਈ ਅਤੇ ਸਭ ਦੀ ਰਾਸ ਆਈ।

ਇਕ ਪਰਵਾਰਕ ਸੰਬੰਧਾਂ ਦੇ ਵਿਗਾੜ ਵਾਲਾ ਹੋਰ ਕੇਸ ਸੀ ਜਿਸ ਵਾਸਤੇ ਸ੍ਰੀ 'ਨਿਰੀਖਿਅਕ' ਜੀ ਵਿਸ਼ੇਸ਼ ਕਰ ਆਏ ਹੋਏ ਸਨ। ਉਹ ਵੀ ਸਤਿਗੁਰੂ ਜੀ ਦੇ ਪੇਸ਼ ਸੀ।

**ਚਲੋ ਚਲੀ**

ਹੁਣ ਤਕ ਰਾਤ ਦੇ ੯.੨੦ ਹੋ ਚੁਕੇ ਸਨ। ਮਹਾਰਾਜ ਬੀਰ ਸਿੰਘ ਜੀ ਗੁਰ-ਪਤ੍ਰੀ ਵਧਾਏ ਅੰਦਰ ਆਏ। ਸਤਿਗੁਰੂ ਜੀ ਤੁਰਤ ਉਠਕੇ ਤੁਰ ਪਏ।

ਹੇਠਾਂ ਗੱਡੀਆਂ ਤਿਆਰ ਖੜੀਆਂ ਸਨ। ਸਮਾਨ ਰੱਖਿਆ ਜਾ ਚੁਕਾ ਸੀ। ਪੌੜੀਆਂ ਉਤਰਦਿਆਂ ਹੀ, ਸੰਗਤ ਦੇ ਝੁਰਮਟ ਵਿਚ ਸਤਿਗੁਰੂ ਜੀ ਅਰਦਾਸ ਵਾਸਤੇ ਖਲੋ ਗਏ। ਅਰਦਾਸ ਹੋਈ। ਗੱਡੀਆਂ ਨਵੀਂ ਦਿੱਲੀ ਸਟੇਸ਼ਨ ਨੂੰ ਤੁਰ ਪਈਆਂ। ਬੇਬੇ ਦਲੀਪ ਕੌਰ ਜੀ ਜਾਂਦੇ ਜਾਂਦੇ ਬੋਲੇ : ਚਲੋ ਚਲੀ ਜੋ ਯੂ.ਪੀ. ਫਾਰਮ ਨੂੰ ਲੈ ਚਲਿਏ।

**ਲੇਖਕ ਨੂੰ ਵਜ਼ੀਫਾ**

ਪਰਸੋਂ, ਮੈਂ ਅਤੇ ਸ: "ਵਰਿਆਮ" ਇਕ ਲੇਖਕ ਨੂੰ ਮਿਲਣ ਉਹਦੇ ਘਰ ਪਹੁੰਚੇ। ਲੇਖਕ ਤਾਂ ਪੰਜਾਬ ਵਿਚ ਕਿਸੇ ਕੰਮ ਗਿਆ ਹੋਇਆ ਸੀ ਉਹਦੇ ਘਰੋਂ ਬੀਬੀ ਨੇ ਸਾਡਾ ਸੁਆਗਤ ਸਤਿਕਾਰ ਕੀਤਾ ਤੇ ਫਿਰ ਪੁਛਿਆ : ਅਜਕਲ ਗੁਰਭਜਨ ਸਿੰਘ (ਨਿੱਜੀ ਸਕੱਤਰ) ਕਿਥੇ ਹੈ ? ਅਗੋਂ ਸਾਨੂੰ ਘਰ ਬੈਠਿਆਂ ਹੀ ਸਤਿਗੁਰੂ ਜੀ ਵਲੋਂ ਸਹਾਇਤਾ ਆ ਜਾਂਦੀ ਸੀ। ਅਸਾਂ ਬੁਢਿਆਂ ਲਈ ਏਹੀ ਰਕਮ ਹੀ ਵਰਦਾਨ ਹੈ। ਪਿਛਲੇ ਦੋ ਮਹੀਨੇ ਤੋਂ ਰਕਮ ਨਹੀਂ ਮਿਲੀ। ਸਤਿਗੁਰੂ ਜੀ ਦਾ ਵੀ ਪਤਾ ਨਹੀਂ ਕਿਥੇ ਹਨ।

ਅਸਾਂ ਸਕੱਤਰ ਬਦਲੀ ਦੀ ਗੱਲ ਦੱਸੀ ਅਤੇ ਇਹ ਵੀ ਭਰੋਸਾ ਦੁਆਇਆ ਕਿ ਹੁਣ ਵੀ ਇਹ ਰਕਮ ਮਿਲਦੀ ਰਹੇਗੀ। ਕੱਲ ਜਦੋਂ ਮੈਂ ਸੱਚੇ ਪਾਤਸ਼ਾਹ ਜੀ ਨੂੰ ਲੇਖਕ-ਪਤਨੀ ਦੀ ਜ਼ਰੂਰਤ ਦੱਸੀ ਤਾਂ ਕੋਲ ਖਲੋਤੇ ਸ: ਹਰਵਿੰਦਰ ਸਿੰਘ ਹੰਸਪਾਲ ਨੂੰ ਮਹੀਨਾ ਦੇਣ ਦਾ ਹੁਕਮ ਹੋਇਆ।

**੬ ਅਕਤੂਬਰ ੧੯੭੮, ਸ਼ੁਕਰਵਾਰ**
**ਨਵੀਂ ਦਿੱਲੀ**

ਦੁਪਹਿਰ ਵੇਲੇ ਕਰੋਲ ਬਾਗ ਦੀ ਗੁਰਦੁਆਰਾ ਰੋਡ ਤੋਂ ਦੀ ਪੈਦਲ ਜਾ ਰਿਹਾ ਸਾਂ ਕਿ ਇਕ ਘਰ ਅੰਦਰ ਇਕ ਬਜ਼ੁਰਗ ਦੀ, ਮੰਜੀ ਤੇ ਬੈਠਿਆਂ ਦੀ ਅਜਿਹੀ ਸ਼ਕਲ ਨਜ਼ਰ ਪਈ



Sri Satguru Jagjit Singh Ji eLibrary NamdhariElibrary@gmail.com

ਜਿਵੇਂ ਨਾਮਧਾਰੀ ਹੋਵੇ, ਕੋਲ ਗਿਆ। ਉਹ ਮੇਰਾ ਪਹਿਲਾ ਤੋਂ ਵਾਕਫ ਬਜ਼ੁਰਗ ਨਿਕਲ ਆਇਆ—ਸ: ਸਵਰਨ ਸਿੰਘ।

ਉਸਨੇ ਦੱਸਿਆ : ਤੁਹਾਨੂੰ ਦੂਰੋਂ ਵੇਖਕੇ ਹੀ ਮਨ ਜਾਗ ਪਿਆ ਅਤੇ ਮੈਂ ਅੰਦਾਜ਼ਾ ਲੈਣ ਹੀ ਲਗਾ ਸਾਂ ਕਿ ਜਦੋਂ ਮੇਰੇ ਵੱਲ ਤੁਰ ਪਏ। ਇਸ ਬਜ਼ੁਰਗ ਪਾਸ ਸੰਤ ਹਜ਼ਾਰਾ ਸਿੰਘ ਮਾਛੀ ਦੀ ਅਰਜ਼ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦੇਣ ਆਏ ਸਨ। ਉਦੋਂ ਮੈਂ ਨਾਲ ਸਾਂ। ਫਿਰ ਮੈਂ ਸਤਿਗੁਰਾਂ ਦੀਆਂ ਜੜਾਊ ਤਸਵੀਰਾਂ ਦੇਣ ਵੀ ਇਸ ਘਰ ਆਇਆ ਸਾਂ।

ਇਸਨੇ ਮੈਨੂੰ ਦੱਸਿਆ ਕਿ ਇਸਦੇ ਦਾਦਾ ਸ: ਸੰਤ ਸਿੰਘ ਗੁ: ਕਰਾੜ (ਜਿ: ਅੰਮ੍ਰਿਤਸਰ) ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਿੱਖ ਸਨ। ਉਹਨਾਂ ਜਦੋਂ ਸਤਿਗੁਰਾਂ ਦੀ ਸੁਹਬਤ ਮਣੀ ਤਾਂ ਉਹ ਇਹ ਵਿਚਾਰ ਲੈਕੇ ਉਨ੍ਹਾਂ ਪਾਸ ਗਏ ਸਨ ਕਿ ਜੇ ਪੂਰਾ ਗੁਰੂ ਹੋਇਆ ਤਾਂ ਮੈਨੂੰ ਆਪਣਾ "ਭੰਨਾ ਲਾਇਆ" (ਅਰਥਾਤ ਜੂਠਾ) ਹੋਇਆ ਕੁਛ ਖਾਣ ਨੂੰ ਦੇਵੇਗਾ। ਮਥਾ ਟੇਕ, ਥੋੜਾ ਸਮਾਂ ਉਡੀਕ 'ਕਛ ਨਹੀਂ ਦੇਂਦੇ' ਸੋਚ ਤੁਰਨ ਲਗੇ ਤਾਂ ਗੁਰੂ ਰਾਮ ਸਿੰਘ ਜੀ ਨੇ ਆਖਿਆ : ਸਿੰਘਾ ! ਬਸ !! ਐਨੀ ਗੱਲੋਂ ਹੀ ਗੁੱਸਾ ਕਰਿਆ ਏਂ ? ਇਹੋ ਜਿਹੀਆਂ ਬੁਝਾਰਤਾਂ ਨਹੀਂ ਪਾਈ ਦੀਆਂ। ਏਨਾ ਆਖ ਵਾਪਸ ਬੁਲਾ ਲਿਆ। ਆਪਣੇ ਛਕੇ ਜਲ ਵਿਚੋਂ ਦੋ-ਚਾਰ ਘੁਟਾਂ ਪੀਣ ਨੂੰ ਦਿੱਤੀਆਂ ਬਚਨ ਕੀਤਾ : ਜੂਠ ਖਾਣੀ ਸੰਤ ਪ੍ਰਸਾਦ ਨਹੀਂ।

ਅਤੇ ਦਾਦਾ ਜੀ ਨੇ ਭਜਨ ਪੁੱਛ ਲਿਆ।

ਬਾਬਾ ਸਵਰਨ ਸਿੰਘ ਨੇ ਇਹ ਵੀ ਸੁਣਾਇਆ ਕਿ ਸਤਿਗੁਰ ਰਾਮ ਸਿੰਘ ਜੀ ਦੇ ਪਰਲੋਕ ਗਵਨ ਬਾਅਦ ਜਦੋਂ ਇਸਦੇ ਪਿਤਾ ਸ: ਈਸ਼ਰ ਸਿੰਘ ਕੋਲ, ਇਕ ਦਿਨ ਦੀਵਾਨ ਵਿਚ ਬੋਲਿਆ ਇਹਨਾਂ ਦੇ ਦਾਦਾ ਬਾਬਾ ਸੰਤ ਸਿੰਘ ਜੀ ਨੇ ਉੱਚੀ ਸਾਰੀ "ਧੰਨ ਸਤਿਗੁਰੂ ਰਾਮ ਸਿੰਘ" ਆਖਿਆ ਤਾਂ ਪਿਤਾ ਜੀ ਨੇ ਆਪਣੇ ਪਿਤਾ ਨੂੰ ਮਹਿਣਾ ਕਰ ਲਿਆ : ਕੀ ਹੋਰ ਹੈ ਤੁਹਾਡਾ ਸਰੀਰ ਕੰਬਣ ਕਿਉਂ ਲਗ ਪਿਆ ਹੈ ? ਹੋਰ ਦੇ ਹੋਰ ਹੀ ਗਏ ਓ ?

ਦਾਦਾ ਜੀ ਬੋਲੇ : ਈਸ਼ਰ ਸਿੰਘਾ, ਗੁਰੂ ਰਾਮ ਸਿੰਘ ਦਾ ਜਿਨ ਦਰਸ਼ਨ ਕੀਤਾ ਹੋਇ, ਉਹੋ ਇਹ ਗੱਲ ਜਾਣ ਸਕਦਾ ਹੈ। ਗੁਰੂ ਰਾਮ ਸਿੰਘ ਵਰਗਾ ਦੁਨੀਆਂ ਵਿਚ ਹੋਰ ਕੋਈ ਦਿੱਸਦਾ ਨਹੀਂ। ਤੇਰੇ ਆਖਿਆਂ ਹੀ ਹੋਰ ਦੇ ਹੋਰ ਹੋ ਜਾਈਦਾ ਹੈ।

ਅਤੇ ਕੁਛ ਹੋਰ ਬਚਨ ਸੁਣਕੇ ਮੈਂ ਆਪਣੇ ਰਾਹੇ ਪਿਆ। ਅਸੀਂ ਦੋਵੇਂ ਹੀ ਸੁਖੀ ਸਾਂ। ਉਹ ਬਚਨ ਸੁਣਾ ਕੇ ਮੈਂ ਦਰਸ਼ਨ ਕਰਕੇ।

## ੮ ਅਕਤੂਬਰ ੧੯੭੮, ਐਤਵਾਰ
## ਚੰਡੀਗੜ੍ਹ

ਮੈਂ ਕੱਲ ਪਿੰਡ ਚੁਟਾਲਾ ਜ਼ਿਲਾ ਹੁਸ਼ਿਆਰਪੁਰ ਪਹੁੰਚਣਾ ਹੈ। ਦੋ ਟੁਕੜਿਆਂ ਵਿਚ ਸਫ਼ਰ ਕਰਨਾ ਸੁਖਦਾਈ ਰਹੇਗਾ। ੯ ਵਜੇ ਦੀ ਬੱਸ ਚੰਡੀਗੜ੍ਹ ਵਾਸਤੇ ਦਿੱਲੀਓਂ ਲਈ ਸੀ। ਚੰਡੀਗੜ੍ਹ ਸ. ਗੁਰਬਖਸ਼ ਸਿੰਘ ਬਲ ਐਸ.ਆਈ. ਦੇ ਘਰ ਪਹੁੰਚ ਗਿਆ। ਇਹ ਮੇਰਾ ਲੜਕਾ ਹੈ (ਮੇਰੇ ਵਿਦੇਸ਼ੀ ਪੁੱਤਰ ਦਾ ਪੱਗ ਵਟ ਭਾਈ ਹੋਣ ਕਰਕੇ)। ਪਿਛਲੇ ਦਿਨੀਂ ਕਾਫ਼ੀ ਬਿਮਾਰ ਰਿਹਾ ਹੈ ਹੁਣ ਕੁਝ ਸਵਸਥ ਹੈ। ਪੰਜਾਬ ਦੀਆਂ ਗੁਰਮੁਖੀ ਅਖ਼ਬਾਰਾਂ ਜੋ ਕੁਝ ਅੱਜ ਲਿਖ ਰਹੀਆਂ ਹਨ, ਉਹਨਾਂ ਬਾਰੇ ਬਲ ਨੇ ਪੁੱਛਿਆ : ਪਿਤਾ ਜੀ ਕੁਛ ਲੋਕਾਂ ਦੀ ਹੀ ਮੱਤ ਮਾਰੀ ਗਈ ਹੈ ਜਾਂ ਪੰਜਾਬੀ ਅਖ਼ਬਾਰਾਂ ਨੂੰ ਹੀ ਕੁਛ ਹੋ ਗਿਐ ! ਪ੍ਰਾਂਤ ਅਤੇ ਦੇਸ਼ ਦਾ ਅਮਨ ਕਿਉਂ ਤਬਾਹ ਕਰਨ ਤੇ ਤੁਲੇ ਹੋਏ ਹਨ ?...ਪੜ੍ਹਿਆ ਕਰਦਾ ਸਾਂ। ਇਕ ਦਿਨ ਇਹਦੇ ਸੰਪਾਦਕ ਦਾ ਨਾਮਧਾਰੀਆਂ ਉੱਤੇ ਲੱਗਾ 'ਜ਼ੋਰ' ਵੇਖਕੇ ਅਖ਼ਬਾਰ ਲੈਣੀ ਬੰਦ ਕਰ ਦਿਤੀ। ਇਹ ਤਾਂ ਦੇਵਤਿਆਂ ਨੂੰ ਵੀ ਡਰਾਉਣੇ ਦੈਂਤ ਬਣਾ ਬਣਾ ਕੇ ਪੇਸ਼ ਕਰ ਰਹੇ ਹਨ, ਇਸ ਕੂੜ ਕਸੱਤ ਦਾ ਕੀ ਸਿੱਟਾ ਨਿਕਲੇਗਾ !

ਇਹ ਠਾਣੇਦਾਰ ਸਾਹਿਬ ਨਾਮਧਾਰੀ ਨਹੀਂ ਹਨ। ਪਰ ਇਹਨਾਂ ਦੇ ਘਰ ਕਿਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਅਪੜੀ ਹੋਈ ਹੈ। ਮੈਂ ਅਪਣੇ ਮੇਜ਼ਬਾਨ ਨੂੰ ਯਥਾਰਥ ਹਾਲਾਤ ਸਮਝਾਣ ਦੀ ਕੋਸ਼ਸ਼ ਕੀਤੀ ਹੈ।

### ਵੈਦ ਗੁਰਮੁਖ ਸਿੰਘ

ਇਹਨਾਂ ਦੇ ਘਰ ਹੀ ਇਕ ਦੌੜ ਕਾਨਸਟੇਬਲ ਸ: ਗੁਰਦੇਵ ਸਿੰਘ ਪਿੰਡ ਧਾਹੀਏ ਵਾਲਾ ਮਿਲਿਆ ਹੈ। ਇਸ ਨੇ ਪੁਰਾਣੇ ਨਾਮਧਾਰੀਆਂ ਵਿਚ ਪ੍ਰਸਿਧ ਬਾਬਾ ਗੁਰਮੁਖ ਸਿੰਘ ਵੈਦ ਬਰਨਾਲਾ ਦਾ ਅੰਤ ਸਮਾਂ ਸੁਣਾਇਆ। ਇਹ ਵੈਦ ਬਾਬਾ ਜੀ ਨਾਮਧਾਰੀ ਸਨ। ਸ: ਗੁਰਦੇਵ ਸਿੰਘ ਨੇ ਦੱਸਿਆ :

"ਬਾਬਾ ਗੁਰਮੁਖ ਸਿੰਘ ਵੈਦ ਬਰਨਾਲੇ ਦੇ ਇਲਾਕੇ ਵਿਚ ਬੜਾ ਪ੍ਰਸਿੱਧ ਸੀ। ਉਹਦੇ ਹੱਥ ਵਿਚ ਕਰਾਮਾਤ ਸਨ। ਚਟਕੀ ਦਵਾਈ ਦੀ ਅਸਾਧ ਰੋਗਾਂ ਤੋਂ ਛੁਟਕਾਰਾ ਦਿਵਾ ਦਿੰਦੀ ਸੀ। ਬਾਬਾ ਜੀ ਸ਼ਰਧਾਵਾਨ ਨਾਮਧਾਰੀ ਸਨ। ਭਾਵੇਂ ਪਰਵਾਰ ਵਿਚ, ਮਗਰੋਂ, ਨਾਮਧਾਰੀਆਂ ਵਰਗਾ ਕੋਈ ਨਹੀਂ ਰਿਹਾ। ਜਦੋਂ ਬਾਬਾ ਗੁਰਮੁਖ ਸਿੰਘ ਜੀ ਦਾ ਅੰਤ ਸਮਾਂ ਆਇਆ, ਉਦੋਂ ਉਹ ੧੦੦ ਸਾਲ ਤੋਂ ਉਪਰ ਦੀ ਆਯੂ ਦੇ ਸਨ। ਇਕ ਹਫਤਾ ਪਹਿਲਾਂ ਹੀ ਮੇਰੇ ਚਚੇਰੇ ਜੰਗਾ ਸਿੰਘ ਨੂੰ ਬੁਲਾਕੇ ਆਖਿਓ ਨੇ: ਜੰਗਾ ਸਿੰਘ, ਹਫਤੇ ਕੁ ਤਕ ਮੈਂ ਸਰੀਰ ਤਿਆਗ ਦੇਣਾ ਹੈ। ਇਸ ਸਰੀਰ ਵਿਚ ਨਹੀਂ ਰਹਿਣਾ ਹੁਣ। ਮੇਰੇ ਪਾਸ ੫੦੦੦/- ਨਕਦ ਪਿਆ ਹੈ। ਇਹ ਤੂੰ ਅਪਣੇ



Sri Satguru Jagjit Singh Ji eLibrary NamdhariElibrary@gmail.com

ਕੋਲ ਲੈ ਜਾ। ਵੱਡੇ (ਲਾਲ ਸਿੰਘ) ਨੂੰ ਤਾਂ ਇਸ ਲਈ ਨਹੀਂ ਦੇਂਦਾ ਕਿ ਉਹ ਸ਼ਰਾਬ ਤੇ ਉਜਾੜ ਦੇਵੇਗਾ। ਛੋਟੇ, (ਪ੍ਰੀਤਮ ਸਿੰਘ ਰਾਹੀ) ਨੂੰ ਦਿਤਾ ਤਾਂ ਦੂਜੇ ਸ਼ੱਕ ਕਰਨਗੇ ਕਿ ਪਤਾ ਨਹੀਂ ਉਸਨੂੰ ਕੀ ਦੇ ਗਿਆ ਹੈ। ਇਹ ਤੂੰ ਹੀ ਕੋਲ ਰੱਖ। ਜਿੰਨ ਕੁ ਦਰਬਾਰ ਤਾਂ ਮੇਰੇ ਉਤੇ ਹੀ ਖਰਚ ਹੋ ਜਾਣਾ ਹੈ। ਮੈਂ ਤੈਨੂੰ, ਜੰਗਾ ਸਿੰਘ, ਪਿਛਲੇ ਦਸ ਸਾਲਾਂ ਤੋਂ ਵੇਖਦਾ ਆ ਰਿਹਾ ਹਾਂ, ਤੂੰ ਭਲਾ ਮਾਣਸ ਤੇ ਇਮਾਨਦਾਰ ਹੈਂ। ਮੇਰੇ ਪੁੱਤਰ ਤੇ ਪਰਵਾਰ ਤੇਰੀ ਸਪੁਰਦਗੀ ਵਿਚ ਹਨ, ਧਿਆਨ ਰਖੀਂ। ਜੰਗਾ ਸਿੰਘ ਨੇ ਨਾਂਹ-ਨੁਕਰ ਕੀਤੀ ਪਰ ਪ੍ਰੀਤਮ ਸਿੰਘ ਰਾਹੀ ਨੇ ਮੈਂਟਲ ਮਾਰ ਦਿਤੀ ਤੇ ਰਕਮ ਜੰਗਾ ਸਿੰਘ ਨੇ ਲੈ ਲਈ।

"ਜੰਗਾ ਸਿੰਘ ਗੋਤ ਦਾ ਢਿਲੋਂ, (ਪਿੰਡ ਝਾਨੇ ਕੇ, ਬਰਨਾਲੇ ਤੋਂ ੧੦ ਕੁ ਮੀਲ ਦੇ ਫ਼ਾਸਲੇ ਤੇ) ਆ ਗਿਆ। ਸੱਤ ਕੁ ਦਿਨ ਲੰਘੇ ਤਾਂ ਬਾਬਾ ਜੀ ਨੇ ਜੰਗਾ ਸਿੰਘ ਨੂੰ ਯਾਦ ਕੀਤਾ। ਜੰਗਾ ਸਿੰਘ ਦਾ ਇਸ ਘਰ ਨਾਲ ਕਾਫ਼ੀ ਗੂੜ੍ਹ ਸੀ। ਬਾਬਾ ਜੀ ਰਾਮਗੜ੍ਹੀਏ ਸਨ ਤੇ ਇਹ ਜੱਟ ਪਰ ਦੋਵੇਂ ਪਰਵਾਰ ਬੜੇ ਇਕਮੁਠ ਸਨ।

"ਜੰਗਾ ਸਿੰਘ ਨੂੰ ਮੋਟਰ ਸਾਈਕਲ ਤੇ ਲਿਆਂਦਾ ਗਿਆ। ਹੋਰ ਵੀ ਸਾਕ-ਸਬੰਧੀ ਹੌਲੀ ਹੌਲੀ ਜੁੜ ਗਏ, ਬਾਬਾ ਜੀ ਦਾ ਅੰਤ ਸਮਾਂ ਨੇੜੇ ਜਾਣ ਜੰਗਾ ਸਿੰਘ ਨੇ ਆਣ ਬਾਬਾ ਜੀ ਨੂੰ ਸੇਵਾ ਪੁੱਛੀ। ਬਾਬਾ ਜੀ ਨੇ ਮੰਗੀ ਕੀਤੀ: ਜੰਗਾ ਸਿੰਘ, ਮੇਰਾ ਮਰੇ ਦਾ ਪਾਠ ਨਾਮਧਾਰੀਆਂ ਤੋਂ ਕਰਵਾਉਣਾ ਹੈ, ਹੋਰ ਕਿਸੇ ਤੋਂ ਨਹੀਂ। ਮੈਂ ਸਵੇਰੇ ਚਲਾਣਾ ਕਰ ਜਾਣਾ ਹੈ। ਮੇਰੇ ਸਵਾਸ ਪੂਰੇ ਹੋ ਗਏ ਹਨ।

"ਜੰਗਾ ਸਿੰਘ ਨੇ ਜ਼ੋਰ ਦਿਤਾ ਕਿ ਹੁਣ, ਅੰਤ ਦੇ ਸਮੇਂ, ਉਸ ਨੂੰ ਜ਼ਰੂਰ ਹੀ ਪਾਸ ਰੱਖਣ। ਚਾਰ ਪਹਿਰ ਰਾਤ ਹੀ ਤਾਂ ਹੈ, ਦਰਸ਼ਨ ਦਾ ਅਵਸਰ ਦੇਣ। ਬਾਬਾ ਜੀ ਕਹਿਆ: ਚੰਗਾ ਹੁਣ ਚਲਾ ਜਾਹ, ਮੈਂ ਪਾਠ ਕਰਨਾ ਹੈ, ਫੇਰ ਆ ਜਾਵੀਂ।

"ਚਾਰ ਘੰਟੇ ਬਾਅਦ ਫੇਰ ਆਇਆ ਜੰਗਾ ਸਿੰਘ। ਬਾਬਾ ਜੀ ਸਮਾਧੀ ਸਥਿਤ ਪਾਠ ਕਰ ਰਹੇ ਹਨ। ਮੀਟੀਆਂ ਹੋਈਆਂ ਅੱਖਾਂ। ਰੱਬੀ ਪ੍ਰਭਾਵ ਹੈ ਮੁਖੜੇ ਤੇ। ਪਾਠ ਸੰਪੂਰਨ ਹੋਇਆ ਤਾਂ ਜੰਗਾ ਸਿੰਘ ਨੂੰ ਬੋਲੇ: ਥੋੜੀ ਕੁ ਫਿੱਕੀ ਚਾਹ ਬਣਾ ਕੇ ਲੈ ਆ। ਉਸ ਵਿਚੋਂ ਅੱਧੀ ਜੰਗਾ ਸਿੰਘ ਨੂੰ ਦੇ ਕੇ ਦੋ ਤਿੰਨ ਘੁਟਾਂ ਆਪਣੇ ਸਰਬ ਲੋਹ ਦੇ ਬਾਟੇ ਵਿਚ ਪਾ ਕੇ ਪੀ ਲਈ। ਫੇਰ ਜੰਗਾ ਸਿੰਘ ਦੀ ਮਦਦ ਨਾਲ ਉਠਕੇ ਪਿਸ਼ਾਬ ਕਰਨ ਚਲੇ ਗਏ। ਆਕੇ, ਜੰਗਾ ਸਿੰਘ ਨੂੰ ਕਹਿਆ ਕਿ ਉਹਨਾਂ ਦੀ ਚਿੱਟੀ ਚੱਦਰ ਲੈ ਆਵੇ। ਚਾਦਰ ਲੈ ਕੇ ਪੁਛਿਓ ਨੇ: ਜੰਗਾ ਸਿੰਘ ਵਕਤ ਕੀ ਹੋਇਆ ਹੈ?

"ਜੀ ਚਾਰ ਵਜੇ ਨੇ, ਤੜਕਾ ਹੈ।"

"ਅਤੇ ਚੱਦਰ ਵਲੇਟ ਕੇ ਸਦਾ ਲਈ ਸਉਂ ਗਏ!"

ਸ. ਪ੍ਰੀਤਮ ਸਿੰਘ ਰਾਹੀ ਬਾਬਾ ਗੁਰਮੁਖ ਸਿੰਘ ਵੈਦ ਦਾ ਛੋਟਾ ਪੁੱਤਰ ਹੈ। ਵੈਦਗੀ ਦੀ ਡਬਲ ਐਮ.ਏ.। ਸਿਆਣਾ, ਉਦਾਰ ਅਤੇ ਮਿਲਣਸਾਰ। ਜਦੋਂ ਕਿਤੇ ਸ੍ਰੀ ਸਤਿਗੁਰੂ ਜੀ ਨੇੜੇ ਤੇੜੇ ਹੋਣ ਤਾਂ ਉਹ ਚਾਅ ਨਾਲ ਦਰਸ਼ਨ ਕਰਨ ਜਾਂਦਾ ਹੈ। ਸ਼ਹੀਦਾਂ ਦੇ ਮੇਲੇ ਤੇ ਮਲੇਰ ਕੋਟਲੇ ਜ਼ਰੂਰ ਪੁਜਦਾ ਹੈ।

ਉਪਰੋਕਤ ਵਿਥਿਆ ਸੁਣਾਨ ਵਾਲਾ ਸ. ਗੁਰਦੇਵ ਸਿੰਘ ਇਕ ਨਿਰੰਕਾਰੀ ਵਕੀਲ ਸ. ਸਰਵਣ ਸਿੰਘ ਦੀ ਸੁਰਖਿਆ ਲਈ ਚੰਡੀਗੜ੍ਹ ਉਸ ਦੀ ਕੋਠੀ ਤੇ ਤਾਈਨਾਤ ਹੈ। ਅਤੇ ਜੰਗਾ ਸਿੰਘ ਸ. ਜੰਗਾ ਸਿੰਘ ਡਾਇਰੈਕਟਰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਬਣ ਚੁਕਾ ਹੈ। ਪਰ ਵੱਡੀ ਮੱਟੀ ਦੇ ਲਾਹਿਓਂ ਨਹੀਂ ਲੈਂਦਾ!

## ੯ ਅਕਤੂਬਰ ੧੯੭੮, ਸੋਮਵਾਰ

**ਚੁਟਾਲਾ**

ਚੰਡੀਗੜ੍ਹੋਂ ੯ ਵਜੇ ਹੁਸ਼ਿਆਰਪੁਰ ਜਾਣ ਵਾਲੀ ਬਸ ਤੇ ਚੜ੍ਹ ਗਿਆ। ਛੱਤ ਦਾਰ ਸੜਕਾਂ ਵਿਚ ਬਸ ਘੂਕਦੀ ਜਾ ਰਹੀ ਸੀ। ਖਰੜ, ਰੋਪੜ ਤੇ ਫਿਰ ਸਤਿਲੁਜ ਪਾਰ ਕਰਕੇ ਅਗਾਰ-ਬਾਹੀ ਦੁਆਬ ਦੇ ਕੇਂਦੂ-ਬੀੜੇ ਗਭੌਂਦਿਆਂ ਦੇ ਨਾਲ-ਨਾਲ ਜਾਂਦੇ ਬਲਾਚੌਰ ਦੇ ਮੋੜ ਤੋਂ ਹੁਸ਼ਿਆਰਪੁਰ ਨੂੰ ਸੇਧ ਲਈ।

ਪਹਿਲਾਂ ਦਰਿਆ ਦੀ ਰੇਤ ਦੀ ਨੇੜਤਾ, ਫਿਰ ਦੁਆਬੇ ਦੇ ਖੇਤਾਂ ਵਿਚ ਬੇਓੜਕ ਹਰਿਆਲੀ। ਅਗੇ ਜਾ ਕੇ ਕੁਝ ਕਈਆ ਖੇਤ ਜਮਾਂਦ, ਝੋਨਾ, ਕਹੀ ਆਦਿ—ਬੰਜਰ ਅਤੇ ਰੋਆਂ ਮਾਰੀ ਧਰਤੀ। ਚੋਆਂ ਦੁਆਲੇ ਝਾੜ ਬੂਝਾੜ ਤੇ ਟਾਹਲੀਆਂ ਦੇ ਜੰਗਲ। ਅਜਿਹੇ ਦ੍ਰਿਸ਼ਾਂ ਵਿਚੋਂ ਲੰਘਦਿਆਂ ਗੜ੍ਹਸ਼ੰਕਰ, ਮਾਹਿਲਪੁਰੋਂ ਹੁੰਦੇ ਹੋਏ ਹੁਸ਼ਿਆਰਪੁਰ ਪੁਜਾ।

**ਜਥੇਦਾਰ ਸੁਰੇਤ ਸਿੰਘ**

ਬਸ ਅੱਡਿਓਂ ਉਤਰ, ਅੱਡੇ ਦੇ ਨਾਲ ਹੀ ਇਕ ਪ੍ਰਿੰਟਿੰਗ ਪ੍ਰੈਸ ਦੇ ਮਾਲਕ ਜਥੇਦਾਰ ਸੁਰੇਤ ਸਿੰਘ ਦੇ ਘਰ ਜਾ ਡੇਰੇ ਲਾਏ। ਅਜੇ ਨਾਮਧਾਰੀ ਇਸਤਰੀ ਪੁਰਸ਼ਾਂ ਦੀ ਕਾਫ਼ੀ ਭੀੜ ਸੀ। ਇਹ ਸਾਰੇ ਲੋਕ ਜਥੇਦਾਰ ਫੌਜਾ ਸਿੰਘ ਦੇ ਭੋਗ ਤੇ ਚੁਟਾਲੇ ਜਾ ਰਹੇ ਹਨ ਜਦੋ ਸਮੁਚੇ ਨਾਮਧਾਰੀ ਪੰਥ ਵਿਚੋਂ ਸਿਰ ਕਢਵੇਂ। ਬਿਨਾ ਲਾਊਡ ਸਪੀਕਰ ਤੋਂ ਹਜ਼ਾਰਾਂ ਆਦਮੀਆਂ ਨੂੰ ਆਪਣੀ ਆਵਾਜ਼ ਨਾਲ ਮੁਗਧ ਕਰਨ ਵਾਲਾ ਅਜ ਸਾਡੇ ਵਿਚ ਨਹੀਂ ਰਿਹਾ।

ਉਹਨਾਂ ਸਜਣਾਂ ਦੇ ਕੁਝ ਨਾਮ ਲਿਖਦਾ ਹਾਂ ਜਿਨ੍ਹਾਂ ਜਥੇਦਾਰ ਸੁਰੇਤ ਸਿੰਘ ਦੇ ਘਰ ਨੂੰ ਰੌਣਕ ਬਖਸ਼ੀ ਹੈ। ਸੰਤ ਕਰਤਾਰ ਸਿੰਘ ਪਿੰਡ ਦਹਿਆਲ, ਜਿ: ਹੁਸ਼ਿਆਰਪੁਰ, ਜਥੇਦਾਰ ਨਿਰੰਜਨ ਸਿੰਘ ਪਰਵਾਣ ਸੰਤ ਨਗਰ (ਗੜ੍ਹਾ), ਸੰਤ ਗੁਰਬਖਸ਼



Sri Satguru Jagjit Singh Ji eLibrary NamdhariElibrary@gmail.com

ਸਿੰਘ, ਗੁਰਨਾਮ ਸਿੰਘ ਜੀਵਨ ਨਗਰ, ਸੰਤ ਅਵਤਾਰ ਸਿੰਘ ਘਰਜਾਖੀਆ, ਸੰਤ ਅਵਤਾਰ ਸਿੰਘ ਅੰਮ੍ਰਿਤਸਰ ਕਲਾਂ (ਜਗਾ), ਸੰਤ ਸੁਚਾ ਸਿੰਘ ਅੰਮ੍ਰਿਤਸਰ ਕਲਾਂ, ਸਮੇਤ ਪਤਨੀ ਜਥੇਦਾਰ ਜਾਹਰ ਸਿੰਘ ਲੁਧਿਆਣਾ, ਜਥੇਦਾਰ ਪ੍ਰੀਤਮ ਸਿੰਘ ਧੰਧਰੀ, ਸੰਤ ਕੁਲਦੀਪ ਸਿੰਘ ਗਲੇਵਾਲ ਭਗਤਾਂ ਆਦਿ। ਇਹ ਤੇ ਹੋਰ ਸਾਰੇ ਪ੍ਰਸ਼ਾਦ ਪਾਣੀ ਛਕ ਰਹੇ ਸਨ। ਜਥੇਦਾਰ ਸੁਚੇਤ ਸਿੰਘ ਤਾਂ ਕਿਤੇ ਸ਼ਹਿਰ ਵਿਚ ਸੀ ਪਰ ਉਸਦੇ ਘਰੋਂ ਬੀਬੀ ਅਵਤਾਰ ਕੌਰ, ਉਹਦੀਆਂ ਲੜਕੀਆਂ ਅਤੇ ਨੂੰਹ ਲੰਗਰ ਕਰਦੀਆਂ, ਭਾਂਡੇ ਮਾਂਜਦੀਆਂ, ਛਕਾਂਦੀਆਂ ਲੂਣੀ ਦੀ ਸੇਵਾ ਕਰ ਰਹੀਆਂ ਸਨ।

੨-੫੦ ਵਜੇ ਜਦੋਂ ਬਟਾਲੇ ਜਾਣ ਵਾਲੀ ਬਸ ਤੇ ਚੜ੍ਹੇ ਤਾਂ ਗੱਡੀ ਦੀਆਂ ਦੂਹਰੇ ਸਵਾਰੀਆਂ ਚਿੱਟੇ ਲੀੜਿਆਂ ਵਾਲੀਆਂ ਸਨ। ਸਫੇਦ ਬਸਤਰਾਂ ਦੀ ਇਕ ਬਹਾਰ ਸੀ ਗੱਡੀ ਵਿਚ। ਸਬਬ ਨਾਲ ਇਸ ਬਸ ਦਾ ਚਲਣਾ ਵੀ ਸੁਚੇਤ ਸਿੰਘ ਦੇ ਘਰ ਦੀ ਦੀਵਾਰ ਦੇ ਨਾਲ ਹੀ ਸੀ।

ਸੁਚੇਤ ਸਿੰਘ ਅਕਾਲੀ ਪਰਵਾਰ ਚੋਂ ਵਿਰੱਲਾ ਹੀ ਨਾਮਧਾਰੀ ਬਣਿਆ। ਸਭ ਵਿਰੋਧਤਾਵਾਂ ਤੇ ਮਾਲੀ ਔਕੜਾਂ ਦੇ ਬਾਵਜੂਦ ਡਟਿਆ ਰਿਹਾ। ਪਹਿਲਾਂ ਇਕ ਪ੍ਰਿੰਟਿੰਗ ਪ੍ਰੈਸ ਦਾ ਮਾਲਕ ਸੀ। ਇਸ ਦੀ ਮਾਲੀ ਮੁਸ਼ਕਲ ਨੂੰ ਵੇਖ, ਸੰਤ ਤਰਨ ਸਿੰਘ ਵਹਿਮੀ, ਕਰਤਾ ਜੱਸ ਜੀਵਨ ਨੇ ਇਕ ਵਾਰ ਰਕਮ ਇਕੱਠੀ ਕਰ ਕੇ ਮਕਾਨ ਖਰੀਦ ਦਿਤਾ ਸੀ। ਸੁਚੇਤ ਸਿੰਘ ਜਥੇਦਾਰ ਦੀ ਪਤਨੀ ਨੇ ਦਸਿਆ ਕਿ ਉਹ ਆਪ ਕੋਈ ਕੰਮ ਨਹੀਂ ਕਰਦੇ, ਜਿਧਰ 'ਹੁਕਮ' ਹੋਵੇ ਤੁਰ ਪੈਂਦੇ ਹਨ। ਸੋ ਪ੍ਰੈਸ ਤਾਂ ਵੇਚ ਦਿਤਾ ਗਿਆ ਹੈ ਅਤੇ ਹੁਣ ਮੰਗਦ ਲਾਈਨ ਹੋਈਆਂ ਰਿਆਸ਼ੀਆਂ ਹਨ।

ਬਟਾਲਾ

**ਸੰਤ ਫੌਜਾ ਸਿੰਘ ਜਥੇਦਾਰ**

ਸੰਤ ਮਹਿੰਦਰ ਸਿੰਘ ੧੭-ਓ, ਜਿ: ਜੰਗਾ ਨਗਰ, ਗਾਜ਼ੀਆਬਾਦ, ਵਾਲੇ ਵੀ ਸਾਡੇ ਨਾਲ ਸਨ। ਇਹਨਾਂ ਦੇ ਵੱਡੇ ਭਰਾ ਸ. ਸੂਰਤਾ ਸਿੰਘ ਵਲ ਸੰਤ ਫੌਜਾ ਸਿੰਘ ਜਥੇਦਾਰ ਦੀ ਲੜਕੀ ਵਿਆਹੀ ਹੋਈ ਹੈ। ਸ. ਸੂਰਤਾ ਸਿੰਘ ਪਹਿਲਾਂ ਹੀ ਬਟਾਲੇ ਮੌਜੂਦ ਹੈ। ਸੰਤ ਅਵਤਾਰ ਸਿੰਘ ਅੰਮ੍ਰਿਤਸਰ ਕਲਾਂ (ਜਗਾ) ਵਲ ਦੂਜੀ ਲੜਕੀ ਹੈ। ਇਹ ਵੀ ਸਾਰਾ ਪਰਵਾਰ ਸਾਡੇ ਨਾਲ ਬਸ ਵਿਚ ਆ ਗਿਆ ਹੈ।

ਹੁਸ਼ਿਆਰਪੁਰ ਤੋਂ ਫੂਲੇਵਾਲ ਤਕ ਜ਼ਮੀਨ ਪੱਧਰੀ, ਪਹਾੜ, ਟਿੱਲੇ, ਚੜ੍ਹੀਆਂ ਢਲੀਆਂ, ਅੱਧ ਪਹਾੜ ਵਿਚ। ਅਗੇ, ਜਥੇਦਾਰ ਜੀ ਦੇ ਪਿੰਡ ਵਲ ਨੂੰ ਆਉਂਦਿਆਂ ਜ਼ਮੀਨ ਦੀ ਕਿਸਮ ਸਾਧਾਰਨ, ਕਿਸਾਨਾਂ ਦੀ ਮਿਹਨਤ ਦੱਸਦਿਆਂਨੀ ਹੁੰਦੀ ਗਈ। ਛੋਟੇ ਛੋਟੇ ਚੋਅ ਵੀ ਜ਼ਮੀਨ ਖਰਾਬ ਕਰਨ ਲਈ ਕਾਫ਼ੀ ਸਨ।

ਅਸੀਂ ਕੋਈ ਚਾਰ ਵਜੇ ਲਹਿੰਦੇ ਵੇਲੇ ਬਟਾਲੇ ਪੁਜੇ। ਜਥੇਦਾਰ ਜੀ ਦੇ ਫਰਜ਼ੰਦ ਸ. ਗੁਰਬਖਸ਼ ਸਿੰਘ ਨੇ ਆਈ ਸੰਗਤ ਨੂੰ ਬੈਠਣ-ਉਠਣ ਲਈ ਨੇੜੇ ਮਕਾਨ ਦਿਤੇ। ਉਸ ਨੇ ਦਸਿਆ ਕਿ ਉਸਦੇ ਪਿਤਾ ਜੀ ੨੪ ਸਤੰਬਰ ੧੯੭੮ ਨੂੰ ਸਾਨੂੰ ਸਦਾ ਲਈ ਵਿਛੋੜਾ ਦੇ ਪ੍ਰਭੂ ਲੋਕ ਵਿਚ ਜਾ ਬਿਰਾਜੇ।

ਸਮੁੱਚੀ ਵਾਰਤਾਲਾਪ ਦਾ ਸਾਰ ਇਸ ਪ੍ਰਕਾਰ ਹੈ :

ਜਥੇਦਾਰ ਫੌਜਾ ਸਿੰਘ ਜੀ ੮੮ ਸਾਲ ਦੀ ਆਯੂ ਭੋਗ ਕੇ ਗੁਜ਼ਰੇ। ਉਹਨਾਂ ਦਾ ਸਰੀਰ ਚੰਗਾ ਭਾਰਾ ਸੀ ਅਤੇ ਸਾਢੇ ਛੇ ਫੁਟ ਕੱਦ ਸੀ। ਆਵਾਜ਼ ਏਨੀ ਸੁਰੀਲੀ, ਤਕੜੀ ਤੇ ਦਮਦਾਰ ਸੀ ਕਿ ਲਾਊਡ ਸਪੀਕਰ ਦੀ ਲੋੜ ਨਹੀਂ ਸੀ ਪੈਂਦੀ। ੫੦ ਸਾਲ ਤਕ ਲਗਾਤਾਰ ਨਾਮਧਾਰੀ ਪੰਥ ਦੀ ਸੇਵਾ ਹੋਲੇ ਦੇ ਦੀਵਾਨਾਂ ਦੁਆਰਾ ਕੀਤੀ। ਲੋਕ ਬੜੀ ਦਿਲਚਸਪੀ ਨਾਲ ਆਪ ਦਾ ਕੀਰਤਨ ਸੁਣਦੇ। ਅਨੇਕਾਂ ਨਾਮਧਾਰੀ ਆਪ ਜੀ ਦੀ ਪ੍ਰੇਰਨਾ ਨਾਲ ਬਣੇ। ਫੌਜਾ ਸਿੰਘ ਜੀ ਲਗਾਤਾਰ ਸਤਿਗੁਰੂ ਜੀ ਅਤੇ ਸਾਧ ਸੰਗਤ ਨਾਲ ਵਿਚਰਦੇ ਰਹੇ। ਨਿਰੋਲ ਗੁਰਮਤ ਪਰਚਾਰ ਹੀ ਆਪ ਦਾ ਆਦਰਸ਼ ਸੀ।

ਜਥੇਦਾਰ ਜੀ ਦੇ ਦੋ ਲੜਕੇ ਹਨ। ਵੱਡਾ ਸ: ਗੁਰਬਖਸ਼ ਸਿੰਘ, ਛੋਟਾ ਸ. ਕਰਮ ਸਿੰਘ ਅਤੇ ਛੇ ਲੜਕੀਆਂ ਹਨ। ਵੱਡੀ ਲੜਕੀ ਨੇ ਵਿਧਵਾ ਹੋਣ ਪਿਛੋਂ ਦੂਜੀ ਥਾਂ ਵਿਆਹੇ ਜਾਣਾ ਪਰਵਾਨ ਨਹੀਂ ਕੀਤਾ। ਉਹ ਵੀ ਪੇਕੇ ਘਰ ਰਹਿੰਦੀ ਹੈ। ਢਾਈ ਕੁ ਮਹੀਨੇ ਪਹਿਲਾਂ ਜਥੇਦਾਰ ਜੀ ਨੇ ਦੋਹਾਂ ਲੜਕਿਆਂ ਨੂੰ ਇਕੱਠਿਆਂ ਕੀਤਾ। ਪੰਦਰਾਂ ਸਾਲਾਂ ਤੋਂ ਉਹ ਅੱਡ ਅੱਡ ਸਨ। ਫੌਜਾ ਸਿੰਘ ਜੀ ਛੋਟੇ ਨਾਲ ਸਨ। ਇਹਨਾਂ ਪਾਸ ਜ਼ਮੀਨ ਦੇ ਦੋ ਹਿੱਸੇ ਸਨ। ਗੁਰਬਖਸ਼ ਸਿੰਘ ਪਾਸ ਇਕ ਹਾਰ ਸੀ, ੨। ਏਕੜ। ਹੁਣ ਦੋਵੇਂ ਪਰਵਾਰ ਸਾਂਝੀ ਖੇਤੀ ਕਰਦੇ ਹਨ। ਇਹ ਪੋਤਾਂ ਦੀ ਪ੍ਰੇਰਨਾ ਦਾ ਸਿੱਟਾ ਸੀ ਕਿ ਘਰੋਂ ਹੀ ਸਾਂਝ ਪੈਦਾ ਹੋ ਗਈ। ਸਾਰਾ ਪਰਵਾਰ ਸੁਖ ਪੂਰਵਕ ਜੀਵਨ ਬਤੀਤ ਕਰ ਰਿਹਾ ਸੀ।

ਕਦੇ ਕਦੇ ਜਥੇਦਾਰ ਫੌਜਾ ਸਿੰਘ ਜੀ ਨੇ ਆਪਣੇ ਪੋਤੇ ਪੋਤਿਆਂ ਨਾਲ ਗੱਲਾਂ ਕਰਨੀਆਂ : ਮੇਰੇ ਗੁਜ਼ਰਨੇ ਤੇ ਦੇਸੀ ਘਿਓ ਦਾ ਪ੍ਰਸ਼ਾਦ ਕਰਨਾ। ਢੋਲਕ ਛੈਣੇ ਵਜਾ ਕੇ ਸ਼ਬਦ ਪੜ੍ਹਦਿਆਂ ਸਸਕਾਰ ਕਰਨ ਲੈ ਜਾਣਾ। ਮੇਰੇ ਪਿਛੇ ਰੋਣਾ ਆਦਿ ਨਾ ਮੇਰੇ ਨਮਿਤ ਪਾਠ ਕਿਸੇ ਨਾਮਧਾਰੀ ਤੋਂ ਹੀ ਮਰਿਆਦਾ ਅਨੁਸਾਰ ਕਰਵਾਣਾ। ਗੁਰਬਖਸ਼ ਸਿੰਘ ਨੇ ਦਸਿਆ ਕਿਉਂਕਿ ਉਹ ਇਹਨੂੰ ਇਕ ਪੁਲੀਟੀਕਲ ਵਰਕਰ ਸਮਝਦੇ ਸਨ ਤੇ ਸੋਚਦੇ ਸਨ ਕਿ ਉਹ ਅਜਿਹੀਆਂ ਗੱਲਾਂ ਨੂੰ ਟਿੱਚਰਾਂ ਨਾਲ ਹੀ ਉਡਾ ਦੇਵੇਗਾ ਸੋ 'ਇਨ ਡਾਇਰੈਕਟ' ਗੱਲਾਂ ਕਰਦੇ ਸਨ। ਗੁਰਬਖਸ਼ ਸਿੰਘ ਨੂੰ ਬਚਿਆਂ ਜ਼ਿਆਦਾ ਹੀ ਇਹ ਵੀ



Sri Satguru Jagjit Singh Ji eLibrary NamdhariElibrary@gmail.com

ਪੱਕੀ ਕੀਤੀ ਕਿ ਘਰ ਵਿਚ ਪਈਆਂ ਵਢੀਆਂ ਤੇ ਸੁਕੀਆਂ ਲੱਕੜਾਂ ਐਂਵੇਂ ਨਾ ਫੁਕਾਈ ਜਾਵੇ, ਇਹਨਾਂ ਦੀ ਲੋੜ ਪੈਣ ਵਾਲੀ ਹੈ।

੨੩ ਨਵੰਬਰ ੧੯੭੯, ਐਤਵਾਰ, ਜਥੇਦਾਰ ਜੀ ਨੇ ਬੁਲ੍ਹੋਵਾਲ ਜਾਣ ਵਾਲੀ ਬੱਸ ਤੇ ਸਵਾਰੀ ਕਰਨ ਦਾ ਮਨ ਬਣਾ ਲਿਆ। ਆਪਣੀ ਸਿਹਤ ਵਾਸਤੇ ਕੋਈ ਗੋਲੀ ਲਿਆਉਣਾ ਚਾਹੁੰਦੇ ਸਨ। ਕੋਈ ਸੱਜਣ ਇਹਨਾਂ ਨੂੰ ਇਸ਼ਤਿਹਾਰ ਵੀ ਦੇ ਗਿਆ ਕਿ ੨੬-੨੭ ਨਵੰਬਰ ਨੂੰ ਮੁਕੇਰੀਆਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਮਦ ਹੈ। ਬੜਾ ਭਾਰੀ ਮੇਲਾ ਹੋਵੇਗਾ।

ਗੁਰਬਖਸ਼ ਸਿੰਘ ਨੇ ਪਿਤਾ ਜੀ ਨੂੰ ਕੇਵਲ ਇਕ ਗੋਲੀ ਲਿਆਉਣ ਵਾਸਤੇ ਹੀ, ੬ ਕਿਲੋਮੀਟਰ ਦੂਰ, ਬੁਲ੍ਹੋਵਾਲ ਜਾਣੋਂ ਰੋਕਿਆ: ਭਾਵੇਂ ਤੁਸੀਂ ਜਦੋਂ ਜੀ ਕਰੇ ਬੁਲ੍ਹੋਵਾਲ ਚਲੇ ਜਾਂਦੇ ਹੋ ਪਰ ਗੋਲੀ ਬਦਲੇ ਹੀ ਕੀ ਜਾਣਾ ਹੋਇਆ। ਮੈਂ ਲਿਆ ਦਿਆਂਗਾ। ਤੁਸੀਂ ਏਥੇ ਰਹੋ।

ਸਾਰੇ ਪਰਵਾਰ ਨੂੰ ਹੀ ਸਤਿਗੁਰੂ ਜੀ ਦੇ ਮੁਕੇਰੀਆਂ ਆਉਣ ਦਾ ਚਾਅ ਸੀ ਅਤੇ ਇਹ ੨੬-੨੭ ਨੂੰ ਜਾਕੇ ਦਰਸ਼ਨ ਕਰਨ ਦੀ ਤਿਆਰੀ ਕਰਦੇ ਰਹੇ।

ਜਥੇਦਾਰ ਜੀ ਨੂੰ ਦੁਪਹਿਰੇ ਜਲ ਪਾਣੀ ਦੀ ਲੋੜ ਪਈ ਤਾਂ ਦੋ ਨਿਬੂਆਂ ਦੀ ਸ਼ਿਕੰਜਵੀ ਕਰਾ ਦਿਤੀ। ਸਰੀਰ ਅੰਦਰ ਕਿਸੇ ਤਰ੍ਹਾਂ ਦੀ ਕੋਈ ਤਕਲੀਫ਼ ਨਹੀਂ ਸੀ। ਸ: ਗੁਰਬਖਸ਼ ਸਿੰਘ ਨੇ ਦਸਿਆ: ਉਹਨਾਂ ਆਪ ਲਵੇਰੇ ਵਲ ਦੀ ਰੇਹੀ ਮੰਨ੍ਹੇ ਪਲਵਾਈ। ਦੁਪਹਿਰੇ ਪੱਟਾਂ ਤੇ ਰਖਕੇ ਹਾਰਮੋਨੀਅਮ ਵਜਾਂਦੇ ਰਹੇ। ਸਾਢੇ ਸੱਤ ਵਜੇ ਰਾਤ ਦੀਆਂ ਖਬਰਾਂ ਸੁਣੀਆਂ। ਪੌਣੇ ਅੱਠ ਵਜੇ ਜੰਗਲ ਦੀ ਹਾਜਤ ਹੋਈ। ਆਪ ਗੜਵਾ ਫੜ ਕੇ ਬਾਹਰ ਗਏ। ਕਾਹਲਿਆਂ ਸਾਧੀ। ਵਾਪਸ ਆਕੇ ਮੰਜੇ ਪਾਸ ਜਾ ਬੈਠਣ ਹੀ ਲਗੇ ਸਨ ਕਿ ਸਿਰ ਨੀਵਾਂ ਹੋ ਗਿਆ। ਮੰਜਾ ਨੇੜਾ ਪਿਛਾਂਹ ਸੀ। ਘਰ ਦੇ ਜੀਆਂ ਨੇ ਮੰਜੇ ਤੇ ਪਾਕੇ ਘੁਟਣਾ ਮਲਣਾ ਸ਼ੁਰੂ ਕਰ ਦਿਤਾ ਪਰ ਪ੍ਰਾਣ ਪੰਖੇਰੂ ਤਾਂ ਉਡ ਚੁਕੇ ਸਨ।

ਗੁਰਬਖਸ਼ ਸਿੰਘ ਨੇ ਅਗਲੇ ਦਿਨ ਮੁਕੇਰੀਆਂ ਵੀ ਖ਼ਬਰ ਭੇਜੀ ਅਤੇ ਹੁਸ਼ਿਆਰਪੁਰ ਵੀ ਕਿ ਸਤਿਗੁਰੂ ਜੀ ਨੂੰ ਵੀ ਪਤਾ ਲਗ ਜਾਵੇ ਤੇ ਸੰਗਤ ਵੀ ਸਸਕਾਰ ਸਮੇਂ ਆ ਸਕੇ। ਸਤਿਗੁਰੂ ਜੀ ਤਾਂ ਆਪਣੇ ਦੌਰੇ ਦੇ ਪਹਿਲੇ ਪ੍ਰੋਗਰਾਮ ਕਾਰਨ ਮਜਬੂਰ ਸਨ। ਆਪ ਜੀ ਨੇ ਇਕ ਜ਼ਿੰਮੇਵਾਰ ਨੂੰ ਪੱਕੀ ਕੀਤੀ ਕਿ ੫-੭ ਸਰੀਰ ਹੋਰ ਲੈ ਕੇ ਜਾਓ ਤੇ ਸੰਗਤ ਨਾਲ ਮਿਲਕੇ ਜਥੇਦਾਰ ਜੀ ਦਾ ਸਸਕਾਰ ਕਰ ਦਿਓ। ਉੱਚਾ, ਲੰਮਾ, ਸਾਂਵਲਾ ਗੁਰਬਖਸ਼ ਸਿੰਘ ਅੱਖਾਂ ਵਿਚ ਹੰਝੂ ਭਰ ਕੇ ਬੋਲਿਆ: ਜਥੇਦਾਰ ਜਿਸ ਜਗ੍ਹਾ ਲਈ ੫੦ ਸਾਲ ਤਕ ਬਾਹਾਂ ਉੱਚੀਆਂ ਕਰਕੇ ਹੋਕਾ ਦਿੰਦਾ ਰਿਹਾ, ਉਹਦੇ ਨੁਮਾਇੰਦਿਆਂ ਨੂੰ ਉਡੀਕਦੇ ਅਸਾਂ ਤੇ ਜਾ ਦਿਤੇ। ਪਿੰਡ ਵਿਚ ਪਤਾ ਲਗ ਚੁਕਾ ਸੀ ਕਿ ਸੱਚੇ ਪਾਤਸ਼ਾਹ ਜੀ ਨੇ ਕੁਝ ਸਰੀਰ ਭੇਜਣੇ ਹਨ।...ਚੰਗੇ ਭਾਗਾਂ ਨੂੰ ਸੰਤ ਪ੍ਰੀਤਮ ਸਿੰਘ ਮਜ਼ਹਬੀ ੪-੫ ਦਿਨ ਪਹਿਲਾਂ ਦਾ ਹੀ ਆਇਆ ਹੋਇਆ ਸੀ, ਉਸਨੇ ਅਰਦਾਸ ਕਰਕੇ ਸਾਡੀ ਮਦਦ ਕੀਤੀ ਤੇ ਸਸਕਾਰ ਹੋ ਗਿਆ।

ਦੂਜੇ ਦਿਨ ਹੀ ਸਤਿਗੁਰੂ ਜੀ ਨੂੰ ਜ਼ਿੰਮੇਵਾਰ ਦੀ ਗੈਰ-ਜ਼ਿੰਮੇਵਾਰੀ ਦਾ ਪਤਾ ਲਗ ਗਿਆ। ਉਹਦਾ ਉਤਰ ਸੁਣਕੇ ਸਤਿਗੁਰੂ ਜੀ ਸਖ਼ਤ ਨਾਰਾਜ਼ ਹੋਏ। ਉਹ ਮਾਫ਼ੀ ਮੰਗਣ ਲਗਾ। ਫਰਮਾਨ ਹੋਇਆ: ਮਾਫ਼ੀ ਮੇਰੇ ਤੋਂ ਨਹੀਂ ਉਹਨਾਂ ਕੋਲੋਂ ਜਾਕੇ ਮੰਗੋ ਜਿਨ੍ਹਾਂ ਕੋਲੋਂ ਆਪ ਝੂਠੇ ਪਏ ਜੇ ਅਤੇ ਮੈਨੂੰ ਵੀ ਝੂਠਿਆਂ ਪਾਇਆ ਜੇ। ਸੰਤ ਪ੍ਰੀਤਮ ਸਿੰਘ ਪੱਧਰੀ ਵਾਲੇ ਜਥੇਦਾਰ ਨੇ ਤਸਦੀਕ ਕੀਤਾ: ਸੱਚੇ ਪਾਤਸ਼ਾਹ ਜੀ ਨੇ ਆਗਿਆ ਕੀ ਹਟਾਲੇ ਜਾਕੇ ਮੇਰੇ ਵਲੋਂ ਵੀ ਖਿਮਾ ਮੰਗਣੀ।

ਅੱਜ ਫਿਰ, ਸੰਤਾਂ ਨਮਿਤ ਨਾਮ ਸੰਗਤ ਇਕੱਤਰ ਹੋ ਰਹੀ ਹੈ। ਸਵੇਰੇ ਸਤਿਗੁਰੂ ਜੀ ਦਰਸ਼ਨ ਦੇਣਗੇ। ਚਾਰ ਤੋਂ ੨੦-੨੫ ਸਰੀਰ ਹੋਰ ਪੁਜ ਗਏ। ਇਹਨਾਂ ਤੋਂ ਪਤਾ ਲੱਗਾ ਕਿ ਸਤਿਗੁਰੂ ਜੀ ਅੱਜ ਸਵੇਰੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ ਹਨ ਅਤੇ ਕੱਲ੍ਹ ਆਸਾ ਦੀ ਵਾਰ ਸਮੇਂ ਹਟਾਲੇ ਦਰਸ਼ਨ ਹੋਣਗੇ।

ਪਿੰਡਾਲ ਬਣ ਗਿਆ ਹੈ। ਜਥੇਦਾਰ ਸ਼ੇਰ ਸਿੰਘ ਤਲੌਜਿਆਂ ਵਾਲੀ ਆਪਣੇ ਸਾਥੀਆਂ ਨਾਲ ਆਇਆ ਹੋਇਆ ਹੈ। ਜਥੇਦਾਰ ਫੌਜਾ ਸਿੰਘ ਜੀ ਵੀ ਲਾਇਲਪੁਰ ਦੇ ਏਸੇ ਪਿੰਡ ਦੇ ਵਸਨੀਕ ਸਨ। ਜਾਣੋਂ ਪਹਿਲਾਂ ਸ਼ੇਰ ਸਿੰਘ ਤੇ ਫੇਰ ਜਥੇਦਾਰ ਨਿਰੰਜਨ ਸਿੰਘ ਕੰਵਰ ਅਤੇ ਜਥੇਦਾਰ ਪ੍ਰੀਤਮ ਸਿੰਘ ਪੱਧਰੀ ਨੇ ਹੱਲੇ 'ਦੇ ਦੀਵਾਨਾਂ ਦੁਆਰਾ ਸੰਗਤ ਨੂੰ ਨਿਹਾਲ ਕੀਤਾ।

ਜਥੇਦਾਰ ਫੌਜਾ ਸਿੰਘ ਜੀ ਪਾਕਿਸਤਾਨੋਂ ਆਣ ਕੇ ਪਹਿਲਾਂ ਬੀਕਾਨੇਰ ਵਿਚ ਰਹੇ ਫੇਰ ੧੯੫੦ ਵਿਚ ਹਟਾਲੇ ਅਤਿ ਪਛੜੇ ਪਿੰਡ ਤੇ ਇਲਾਕੇ ਵਿਚ ਆ ਵਸੇ। ਇਲਾਕਾ ਚੰਗਾ ਸੀ। ਪਰ ਸਾਧ ਸੰਗਤ ਤੋਂ ਦੂਰ ਰਹਿਣਾ ਸਦਾ ਹੀ ਜਥੇਦਾਰ ਜੀ ਨੂੰ ਰੜਕਦਾ ਰਿਹਾ।

ਜਥੇਦਾਰ ਜੀ ਦੇ ਚਲਾਣੇ ਸਮੇਂ ਜ਼ਿਲੇ ਦੇ ਜ਼ਿੰਮੇਵਾਰਾਂ ਵਲੋਂ ਵਰਤੀ ਗਈ ਅਸਾਵਧਾਨੀ ਦਾ ਪ੍ਰਭਾਵ ਖ਼ਤਮ ਕਰਨ ਲਈ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਕੱਤਰ ਸੰਤ ਤਰਸੇਮ ਸਿੰਘ ਅਤੇ ਸ: ਗੁਰਦੇਵ ਸਿੰਘ ਸਲਾਹਕਾਰ ਨੂੰ ਭੇਜਿਆ ਜਿਨ੍ਹਾਂ ਨੇ ਪਰਵਾਰ ਨਾਲ ਭੋਗ ਪਾਉਣ ਹਿਤ ੧੦ ਅਕਤੂਬਰ ਦਾ ਦਿਨ ਮਿਥਿਆ। ਅਤੇ ਪਾਠ ਕਰਨ ਲਈ ਵੀ ਸੰਤ ਰਾਮ ਨਾਮ ਜੀ ਨੂੰ ਭੇਜਿਆ...... (ਚਲਦਾ)



Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

ਪਤੀਕਿਆ

# ਸਤਿਗੁਰੂ ਰਾਮ ਸਿੰਘ ਦੀ ਸ਼ਖਸੀਅਤ

ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਏਨੀ ਮਹਾਨ ਹੈ ਕਿ ਉਹਨਾਂ ਬਾਰੇ ਮੇਰੇ ਵਰਗੇ ਨਿਮਾਣੇ ਇਨਸਾਨ ਦੀ ਕਲਮ ਲਿਖਣ ਦਾ ਹੌਂਸਲਾ ਹੀ ਨਹੀਂ ਕਰਦੀ।

ਅਸਲ ਵਿਚ ਜਦੋਂ ਖਾਲਸਾ ਰਾਜ ਦੀ ਸਮਾਪਤੀ ਪਿਛੋਂ ਵਡੇ ਵਡੇ ਜਗੀਰਦਾਰਾਂ ਤੇ ਰਜਵਾੜਿਆਂ ਨੇ ਆਪਣੇ ਨਿਜੀ ਸਵਾਰਥਾਂ ਲਈ ਅੰਗਰੇਜ਼ਾਂ ਦੀ ਬਦੇਸ਼ੀ ਹਕੂਮਤ ਨੂੰ ਬੜੀ ਹਲੀਮੀ ਨਾਲ ਪ੍ਰਵਾਨ ਕਰ ਲਿਆ ਤਾਂ ਪੰਜਾਬੀਆਂ ਦੀ ਸਹੀ ਸੁਚੀ ਅਣਖੀਲੀ ਰੂਹ ਦਾ ਪ੍ਰਕਾਸ਼ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਰਾਹੀਂ ਹੀ ਰੂਪਮਾਨ ਹੋਇਆ। ਉਹਨਾਂ ਦੇ ਦਸਾਂ ਗੁਰੂਆਂ ਦੁਆਰਾ ਦਰਸਾਏ ਧਰਮ, ਕਰਮ, ਨੇਕੀ, ਸ਼ੁਭ ਆਚਾਰ, ਸ਼ੁਭ ਵਿਚਾਰ, ਇਕ ਅਕਾਲ ਪੁਰਖ ਦਾ ਸਿਮਰਨ, ਦਸਾਂ ਨਹੁੰਆਂ ਦੀ ਕਿਰਤ ਕਰਨਾ ਵੰਡ ਛਕਣ ਅਤੇ ਭੈ ਕਾਹੂੰ ਕੋ ਦੇਤ ਨਾ, ਨਾ ਭੈ ਮਾਨਤ ਆਨ ਦੇ ਸੁਨਹਿਰੀ ਮਾਰਗ ਤੇ ਚਲਣ ਦਾ ਉਪਦੇਸ਼ ਦਿਤਾ। ਸਵਦੇਸ਼ੀ ਰਾਜ ਦਾ ਸੁਪਨਾ ਲੈਣ ਵਾਲੇ ਉਹ ਭਾਰਤ ਦੇ ਪਹਿਲੇ ਮਹਾਨ ਸਪੂਤ ਸਨ।

ਅੰਗਰੇਜ਼ੀ ਵਿਰੁਧ ਸਭ ਤੋਂ ਪਹਿਲਾਂ ਨਾ-ਮਿਲਵਰਤਣ ਦੀ ਲਹਿਰ ਵੀ ਉਹਨਾਂ ਵਲੋਂ ਹੀ ਚਲਾਈ ਗਈ ਸੀ। ਭਾਰਤ ਦੀ ਅਜ਼ਾਦੀ ਦੇ ਇਤਿਹਾਸ ਵਿਚ ਉਹਨਾਂ ਤੇ ਉਹਨਾਂ ਦੇ ਅਨੁਯਾਈਆਂ ਵਲੋਂ ਪਾਇਆ ਹਿਸਾ ਸੁਨਹਿਰੀ ਅਖਰਾਂ ਵਿਚ ਲਿਖੇ ਜਾਣ ਦੀ ਮੰਗ ਕਰਦਾ ਹੈ। ਉਹਨਾਂ ਨੇ ਲੋਕਾਂ ਦੀ ਸੁਤੀ ਹੋਈ ਜ਼ਮੀਰ ਨੂੰ ਝੰਜੋੜਿਆ ਤੇ ਜਗਾਇਆ ਉਹਨਾਂ ਤੇ ਉਹਨਾਂ ਦੇ ਸਿਦਕੀ ਸਿਖਾਂ ਦੀਆਂ ਕੁਰਬਾਨੀਆਂ ਸਾਹਵੇਂ ਸਾਡਾ ਸਭਨਾ ਦਾ ਸਿਰ ਝੁਕ ਜਾਂਦਾ ਹੈ।

ਪਰੰਤੂ ਬੜੇ ਦੁਖ ਦੀ ਗਲ ਹੈ ਕਿ ਅਜ਼ਾਦ ਭਾਰਤ ਵਿਚ ਆਜ਼ਾਦੀ ਦੇ ਸੰਗਰਾਮ ਦਾ ਇਤਿਹਾਸ ਲਿਖਣ ਵਾਲਿਆਂ ਨੇ ਉਹਨਾਂ ਦੇ ਯੋਗਦਾਨ ਦਾ ਪੂਰਾ ਮੁਲ ਨਹੀਂ ਪਾਇਆ। ਇਸ ਬਾਰੇ ਨਾਮਧਾਰੀ ਦਰਬਾਰ ਵਲੋਂ ਵਿਦਵਾਨ ਇਤਿਹਾਸਕਾਰ ਪੰਜੀਆਂ ਨੂੰ ਹੋਰ ਖੋਜ ਕਰਨ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ ਅਤੇ ਪਾਰਲੀਮੈਂਟ ਮੈਂਬਰ ਸ੍ਰੀ ਹੰਸਪਾਲ ਜੀ ਨੂੰ ਦਿਲੀ ਵਿਚ ਕੇਂਦਰੀ ਸਰਕਾਰ ਵਲੋਂ ਉਹਨਾਂ ਦੀ ਢੁਕਵੀਂ ਯਾਦਗਾਰ ਬਣਾਏ ਜਾਣ ਲਈ ਯਤਨ ਕਰਨੇ ਚਾਹੀਦੇ ਹਨ। ਅਜ ਕਲ ਦੇ ਇਸ ਜ਼ਹਿਰ ਭਰੇ ਫਿਰਕੂ ਮਾਹੌਲ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ ਅਤੇ ਉਹਨਾਂ ਦੇ ਸੇਵਕਾਂ ਵਲੋਂ ਗਊ ਗਰੀਬ ਦੀ ਰਖਿਆ ਲਈ ਦਿਤੀਆਂ ਕੁਰਬਾਨੀਆਂ ਦੀ ਯਾਦ ਆਪਸੀ ਸਦਭਾਵਨਾ ਤੇ ਪ੍ਰੇਮ ਪਿਆਰ ਦਾ ਮਾਹੌਲ ਬਣਾਉਣ ਵਿਚ ਬਹੁਤ ਸਹਾਇਕ ਸਿੱਧ ਹੋ ਸਕਦੀ ਹੈ।

ਮੈਨੂੰ ਆਪਣੀ ਜੀਵਨ ਸਾਥਣ ਤੋਂ ਪਤਾ ਲਗਾ ਹੈ ਕਿ ਉਹਨਾਂ ਦੇ ਸਤਿਕਾਰ ਯੋਗ ਪਿਤਾ ਜੀ ਸਵਰਗਵਾਸੀ ਗਿਆਨੀ ਅਤਰ ਸਿੰਘ ਜੀ (ਲਾਹੌਰ ਵਾਲੇ) ਸਤਿਗੁਰੂ ਰਾਮ ਸਿੰਘ ਜੀ ਦੇ ਸ਼ਰਧਾਵਾਨ ਸੇਵਕ ਸਨ। ਭਾਰਤ ਦੇ ਇਸ ਮਹਾਨ ਕਰਮ-ਯੋਗੀ ਦੀ ਸਿਮਰਤੀ ਵਿਚ ਮੈਂ ਆਪਣਾ ਸਿਰ ਝੁਕਾਉਂਦਾ ਹਾਂ ਅਤੇ ਤੁਹਾਨੂੰ "ਵਰਿਆਮ" ਰਾਹੀਂ ਉਹਨਾਂ ਦੀ ਸ਼ਖਸੀਅਤ ਦਾ ਚਾਨਣ ਲਖਾਂ ਤਕ ਪਹੁੰਚਾਣ ਲਈ ਮੁਬਾਰਕਬਾਦ ਦੇਂਦਾ ਹਾਂ।

ਕੁਲਵੰਤ ਜਗਰਾਓਂ
ਲੁਧਿਆਣਾ








Sri Satguru Jagjit Singh Ji eLibrary NamdhariElibrary@gmail.com

੧੨ ਮਈ ੧੯੮੭ ਨੂੰ ਗੁਰੂ ਅਮਰਦਾਸ ਜੀ ਦੇ
ਜਨਮ ਦਿਵਸ ਤੇ

# ਸ੍ਰੀ ਗੁਰੂ ਅਮਰਦਾਸ ਜੀ ਅਤੇ ਗੋਇੰਦਵਾਲ ਸ਼ਹਿਰ

—ਦਵਿੰਦਰ ਸਿੰਘ ਗਿੱਲ (ਜੀਆ ਨੱਥਾ)

(ਗੁਰੂ) ਅਮਰਦਾਸ ਜੀ ਖਡੂਰ ਸਾਹਿਬ ਕੀ ਆਏ, ਇਥੋਂ ਦੇ ਹੋਕੇ ਰਹਿ ਗਏ। ਉਹ ਕੁੜਮਾਚਾਰੀ ਵਾਲਾ ਰਿਸ਼ਤਾ ਅਤੇ ਲੋਕ ਲਾਜ ਨੂੰ ਖਤਮ ਕਰਕੇ ਗੁਰੂ ਘਰ ਦੀ ਸੱਚੇ ਦਿਲੋਂ ਸੇਵਾ ਕਰਨ ਵਿਚ ਜੁਟ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਆਕੇ ਉਹਨਾਂ ਦੀਆਂ ਅੱਖਾਂ ਖੁਲ੍ਹ ਗਈਆਂ। ਗੁਰੂ ਘਰ ਦੇ ਲੰਗਰ ਦੀ ਸੇਵਾ ਅਤੇ ਗੁਰੂ ਇਸ਼ਨਾਨ ਲਈ ਜਲ ਦੀ ਗਾਗਰ ਲਿਆਕੇ ਉਹਨਾਂ ਮਹਿਸੂਸ ਕੀਤਾ ਕਿ ਹਰਦੁਆਰ ਜੀ ਯਾਤਰਾ ਅਤੇ ਬ੍ਰਾਹਮਣੀ ਰੀਤਾਂ ਤੋਂ ਹੋਰ ਨੇ ਕੋਈ ਪੁੰਨ ਦਾਨ ਕੀਤੇ, ਉਹ ਤਾਂ ਸਭ ਨਿਰਾਰਥਕ ਹਨ। ਗੁਰ ਦਰਬਾਰ ਵਿਚ ਆਕੇ ਉਹਨਾਂ ਨੇ ਲੱਕੜਾਂ ਲਿਆਉਣੀਆਂ ਸ਼ੁਰੂ ਕੀਤੀਆਂ ਅਤੇ ਲੰਗਰ ਦੇ ਜੂਠੇ ਬਰਤਨ ਸਾਫ ਕਰਦੇ। ਰੋਜ਼ਾਨਾ ਅੰਮ੍ਰਿਤ ਵੇਲੇ ਉਠ ਕੇ ਗੁਰ ਇਸ਼ਨਾਨ ਲਈ ਬਿਆਸ ਦਰਿਆ ਤੋਂ ਜਲ ਦੀ ਗਾਗਰ ਲਿਆਉਂਦੇ ਸਨ।

ਜਿਉਂ ਜਿਉਂ ਅਮਰਦਾਸ ਜੀ ਗੁਰ ਘਰ ਵਿਚ ਸੇਵਾ ਕਰਦੇ, ਉਹਨਾਂ ਦੀ ਅਧਿਆਤਮਕ ਸੋਝੀ ਤੀਬਰ ਹੁੰਦੀ ਜਾਂਦੀ। ਹੌਲੀ ਹੌਲੀ ਉਹਨਾਂ ਦੀ ਗਿਣਤੀ ਗੁਣੀ ਗਿਆਨੀ ਸਿੱਖਾਂ ਵਿਚ ਹੋਣ ਲਗੀ। ਇਕ ਦਿਨ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਗੋਂਦਾ ਮਰਵਾਹਾ ਖਤਰੀ ਆਇਆ ਅਤੇ ਉਸਨੇ ਬੇਨਤੀ ਕੀਤੀ ਕਿ ਉਹ ਬਿਆਸ ਦਰਿਆ ਦੇ ਪੱਤਣ ਨੇੜੇ ਇਕ ਨਗਰ ਵਸਾਉਣਾ ਚਾਹੁੰਦਾ ਹੈ ਪਰ ਹਰ ਵਾਰ ਪ੍ਰੇਤ ਆਤਮਾਵਾਂ ਉਸ ਵਲੋਂ ਕੀਤੀ ਜਾ ਰਹੀ ਉਸਾਰੀ ਨੂੰ ਤਬਾਹ ਕਰ ਦੇਂਦੀਆਂ ਹਨ। ਇਸ ਲਈ ਜੇ ਗੁਰੂ ਜੀ ਆਪ ਚਾਹੁਣ ਤਾਂ ਉਥੇ ਨਗਰ ਵਸਾ ਲੈਣ। ਗੁਰੂ ਜੀ ਨੇ ਉਸਦੀ ਬੇਨਤੀ ਪ੍ਰਵਾਨ ਕੀਤੀ ਅਤੇ ਸਪੁਤਰ ਦਾਸੂ ਨੂੰ ਗੋਂਦੇ ਨਾਲ ਜਾਣ ਨੂੰ ਕਿਹਾ ਪਰ ਦਾਸੂ ਨੇ ਅਗੋਂ ਇਨਕਾਰ ਕਰ ਦਿਤਾ ਤੇ ਕਿਹਾ:

ਸਹਿਕੋ ਕਹਤਿ ਭਯੋ ਨਹਿੰ ਜਾਊਂ।
ਭੂਤ ਪ੍ਰੇਤ ਮਹਿ ਕਤ ਬਸਾਊਂ।
ਹਮਰੋ ਗ੍ਰਾਮ ਖਡੂਰ ਰਹਿਨ ਕੋ।
ਇਸ ਕੋ ਤਜਾਗ ਕਿਸਾਉਂ ਤਿਤ ਨਾਂਵ।

(ਸੂਰਜ ਪ੍ਰਕਾਸ਼ ਪੰਨਾ ੧੩੯੦)

ਦਾਸੂ ਜੀ ਦਾ ਜਵਾਬ ਸੁਣਕੇ ਗੁਰੂ ਜੀ ਨੇ ਦਾਤੂ ਜੀ ਛੋਟੇ ਸਪੁਤਰ ਨੂੰ ਹੁਕਮ ਕੀਤਾ ਪਰ ਉਸਨੇ ਵੀ ਇਨਕਾਰ ਕਰ ਦਿਤਾ ਤੇ ਕਿਹਾ:

ਸੁਨਹੁ ਪਿਤਾ ਜੀ ਸਮਹਿ ਖਡੂਰ।
ਤਹਾਂ ਜਾਨਿਕੀ ਕੌਨ ਜਰੂਰ।

(ਉਹੀ, ਪੰਨਾ ੧੩੯੮)

ਸਪੁਤਰਾਂ ਦਾ ਇਨਕਾਰ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਅਮਰਦਾਸ ਜੀ ਨੂੰ ਹੁਕਮ ਕੀਤਾ ਕਿ ਗੋਂਦੇ ਨਾਲ ਨਿਸਚਤ ਜਗ੍ਹਾ ਤੇ ਜਾਣ ਅਤੇ ਨਗਰ ਦੀ ਉਸਾਰੀ ਲਈ ਨਿਸ਼ਾਨਦੇਹੀ ਕਰ ਆਉਣ। ਅਜੇ ਇਹ ਵਾਕ ਗੁਰੂ ਜੀ ਨੇ ਕਹੇ ਵੀ ਨਹੀਂ ਸਨ ਕਿ ਅਮਰਦਾਸ ਜੀ ਗੋਂਦੇ ਨਾਲ ਜਾਣ ਲਈ ਤਿਆਰ ਹੋ ਗਏ:—

ਸੁਖ ਤੇ ਅਖਯਤ ਨਿਕਸੇ ਆਧੇ।
ਗੁਨਤਿਆਗ ਹੋਯਹੁ ਕਟ ਸਾਂਧੇ।

(ਉਹੀ, ਪੰਨਾ ੧੩੯੧)

ਤਰੀਕੇ ਪੰਜਾਬ ਦਾ ਲੇਖਕ ਕਨ੍ਹਈਆ ਲਾਲ ਲਿਖਦਾ ਹੈ ਕਿ ਗੁਰੂ ਜੀ ਨੇ ਅਮਰਦਾਸ ਜੀ ਨੂੰ ਆਪਣੀ ਸੋਟੀ ਦਿਤੀ ਅਤੇ ਕਿਹਾ ਕਿ ਇਸ ਸੋਟੀ ਨਾਲ ਜਿਥੋਂ ਤਕ ਨਿਸ਼ਾਨ ਲਗਾਇਆ ਜਾਏਗਾ, ਉਥੋਂ ਤਕ ਭ੍ਰਿਸ਼ਟ ਆਤਮਾਵਾਂ ਦਾ ਵਾਸਾ ਖਤਮ ਹੋ ਜਾਵੇਗਾ। ਅਮਰਦਾਸ ਜੀ ਨੇ ਗੋਂਦਾ ਮਰਵਾਹਾ ਦੀ ਦੱਸੀ ਜਗ੍ਹਾ ਤੇ ਸੋਟੀ ਨਾਲ ਲਾਈਨ ਲਗਾ ਦਿਤੀ ਜਿਸ ਨਾਲ ਪ੍ਰੇਤ ਆਤਮਾਵਾਂ ਉਥੋਂ ਦੌੜ ਗਈਆਂ। ਨਗਰ ਦੀ ਉਸਾਰੀ ਹੋਣੀ ਸ਼ੁਰੂ ਹੋ ਗਈ। ਇਹ ਇਲਾਕਾ ਆਰਥਿਕ ਤੇ ਰਾਜਨੀਤਕ ਤੌਰ ਤੇ ਬਹੁਤ ਮਹੱਤਤਾ ਵਾਲਾ ਇਲਾਕਾ ਸੀ ਕਿਉਂਕਿ ਉਥੇ ਬਿਆਸ ਦਰਿਆ ਦਾ ਪੱਤਣ ਪੈਂਦਾ ਸੀ ਅਤੇ ਦੂਜਾ ਇਥੋਂ ਦੀ ਦਿੱਲੀ ਤੋਂ ਲਾਹੌਰ ਜਾਣ ਵਾਲੀ ਜਰਨੈਲੀ ਸੜਕ ਗੁਜ਼ਰਦੀ ਸੀ। ਗੋਇੰਦਵਾਲ ਸ਼ਹਿਰ ਛੇਤੀ ਹੀ ਵਪਾਰ ਦਾ ਕੇਂਦਰ ਬਣ ਗਿਆ ਅਤੇ ਸ਼ਾਹੀ ਸਵਾਰ ਵੀ ਇਥੇ ਆਪਣੇ ਟਿਕਾਣੇ ਕਰਨ ਲਗੇ। ਇਸ ਜਗ੍ਹਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਚਰਨ ਪਾਏ ਸਨ। ਐਮ.ਏ. ਮੈਕਾਲਿਫ ਲਿਖਦਾ ਹੈ ਕਿ ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਉਧਾਰ ਕਰਦੇ ਹੋਏ ਇਧਰ ਵੀ ਆਏ ਤਾਂ ਨੇੜੇ ਕਿਸੇ ਬਸਤੀ ਵਾਲਿਆਂ ਨੇ ਗੁਰੂ ਜੀ ਨੂੰ ਵਿਸ਼ਰਾਮ ਨਾ ਕਰਨ ਦਿਤਾ। ਅਖੀਰ ਗੁਰੂ ਜੀ ਨੇ ਇਸ ਜਗਾ ਤੇ ਇਕ ਕੋਹੜੀ ਦੀ ਕੁੱਲੀ ਵਿਚ ਰਾਤ ਬਿਸਰਾਮ ਕੀਤਾ, ਜਿਸ ਨਾਲ ਕੋਹੜੀ ਦਾ ਰੋਗ ਦੂਰ ਹੋ ਗਿਆ। ਗੁਰੂ ਜੀ ਨੇ ਭਵਿੱਖਬਾਣੀ ਕੀਤੀ ਸੀ ਕਿ ਛੇਤੀ ਹੀ ਇਹ ਜਗ੍ਹਾ ਧਰਮ ਪ੍ਰਚਾਰ ਦਾ ਕੇਂਦਰ ਬਣੇਗੀ।

੧੫੫੨ ਈਸਵੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ (ਗੁਰੂ) ਅਮਰਦਾਸ ਜੀ ਨੂੰ ਗੁਰਗਦੀ ਦੇ ਵਾਰਸ ਹੋਣ ਯੋਗ ਦੇਖਕੇ ਗੁਰਗਦੀ ਬਖਸ਼ ਦਿਤੀ ਅਤੇ ਅਗੋਂ ਤੋਂ ਸ੍ਰੀ ਗੁਰੂ



Sri Satguru Jagjit Singh Ji eLibrary NamdhariElibrary@gmail.com

ਅਮਰਦਾਸ ਜੀ ਨੂੰ ਗੋਇੰਦਵਾਲ ਹੀ ਟਿਕ ਜਾਣ ਦੀ ਪ੍ਰੇਰਨਾ ਕੀਤੀ। ਇਥੇ ਆਕੇ ਗੁਰੂ ਜੀ ਨੇ ਲੰਗਰ ਦੀ ਪਰੰਪਰਾ ਵਡੇ ਪੈਮਾਨੇ ਤੇ ਤੋਰੀ ਅਤੇ ਸਭ ਵਰਗਾਂ ਦੇ ਲੋਕਾਂ ਲਈ ਇਹ ਜਰੂਰੀ ਕਰ ਦਿਤਾ ਕਿ ਗੁਰੂ ਜੀ ਦੇ ਦਰਸ਼ਨ ਤਾਂ ਹੀ ਹੋ ਸਕਦੇ ਹਨ ਜੇ ਅਭਿਲਾਸ਼ੀ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕੇ। ਗੁਰੂਜੀ ਨੇ ਗੋਇੰਦਵਾਲ ਵਿਖੇ ਬਾਉਲੀ ਉਸਾਰਨ ਦੀ ਸੋਚੀ। ਗੁਰੂ ਜੀ ਨੇ ਸਭ ਪਾਸੇ ਸੰਦੇਸ਼ੇ ਭੇਜ ਦਿਤੇ ਕਿ ਸੰਗਤਾਂ ਆਸੂ ਵਦੀ ਦਸਵੀਂ (੫ ਸਤੰਬਰ) ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਸਮਾਉਣ ਪੁਰਬ ਮਨਾਉਣ ਲਈ ਗੋਇੰਦਵਾਲ ਪਹੁੰਚਣ। ਇਹ ਵਾਕਿਆਤ ੧੫੫੯ ਈਸਵੀ ਦਾ ਹੈ। ਸੋ ਇਸ ਦਿਨ ਬਾਉਲੀ ਦਾ ਟੱਕ ਲਗਾਇਆ ਗਿਆ। ਸੰਗਤਾਂ ਚਾਓ ਤੇ ਉਮਾਹ ਨਾਲ ਬਾਉਲੀ ਦੀ ਸੇਵਾ ਕਰਨ ਲਗੀਆਂ।

ਭਾਈ ਜੇਠਾ ਜੀ ਭੀ ਬੜੇ ਚਾਉ ਨਾਲ ਸਿਰ ਤੇ ਟੋਕਰੀ ਉਠਾਉਂਦੇ ਅਤੇ ਦਿਨ ਰਾਤ ਸੇਵਾ ਕਰਦੇ। ਉਹਨਾਂ ਦਿਨਾਂ ਵਿਚ ਹੀ ਕਾਬਲ ਦੀ ਸੰਗਤ ਵੀ ਸੇਵਾ ਵਿਚ ਜੁਟੀ ਹੋਈ ਸੀ। ਉਸ ਸੰਗਤ ਵਿਚ ਇਕ ਸੇਵਾਂ ਨਾਮ ਦੀ ਮਾਈ ਵੀ ਮੌਜੂਦ ਸੀ ਜਿਸਨੂੰ ਕਿ ਇਸ ਸੇਵਾ ਦੌਰਾਨ ਅਗਮ ਨਿਗਮ ਦੀ ਸੋਝੀ ਹੋ ਗਈ। ਜਦ ਉਹ ਸੇਵਾ ਕਰ ਰਹੀ ਹੁੰਦੀ ਤਾਂ ਥੋੜਾ ਥੋੜਾ ਸਮਾਂ ਠਹਿਰਕੇ ਆਪਣੀ ਬਾਂਹ ਉਪਰ ਨੂੰ ਉਠਾਉਂਦੀ। ਪਹਿਲਾਂ ਤਾਂ ਸਿੱਖਾਂ ਨੇ ਸਮਝਿਆ ਕਿ ਸ਼ਾਇਦ ਕਾਰ ਸੇਵਾ ਕਰਨ ਵੇਲੇ ਥਕੇਵਾਂ ਦੂਰ ਕਰਨ ਲਈ ਮਾਈ ਬਾਂਹ ਉਪਰ ਕਰਦੀ ਹੈ ਪਰੰਤੂ ਜਦੋਂ ਮਾਈ ਸੇਵਾਂ ਨੂੰ ਵਾਰ ਵਾਰ ਬਾਂਹ ਉਪਰ ਉਠਾਉਂਦੀ ਵੇਖਿਆ ਤਾਂ ਸਿੱਖਾਂ ਨੇ ਪੁਛ ਹੀ ਲਿਆ। ਮਾਈ ਸੇਵਾਂ ਨੇ ਜਵਾਬ ਦਿਤਾ ਕਿ ਉਸਦਾ ਛੋਟਾ ਬਾਲ ਕਾਬਲ ਵਿਖੇ ਪੰਘੂੜੇ ਵਿਚ ਆਰਾਮ ਕਰ ਰਿਹਾ ਹੈ। ਸੋ ਜਦ ਪੰਘੂੜਾ ਹਿਲਣਾ ਬੰਦ ਹੋ ਜਾਂਦਾ ਹੈ, ਉਹ ਗੋਇੰਦਵਾਲ ਹੀ ਠਹਿਰੀ ਹੋਈ ਬਾਂਹ ਉਚੀ ਕਰਕੇ ਪੰਘੂੜਾ ਹਿਲਾ ਦੇਂਦੀ ਹੈ। ਇਸ ਸਮੇਂ ਹੀ ਲਾਹੌਰ ਤੋਂ ਭਾਈ ਜੇਠਾ ਜੀ ਦੇ ਸੰਬੰਧੀ ਜੇਠਾ ਜੀ ਨੂੰ ਮਿਲਣ ਲਈ ਗੋਇੰਦਵਾਲ ਸਾਹਿਬ ਆਏ ਪਰ ਜਦ ਭਾਈ ਜੇਠਾ ਜੀ ਨੂੰ ਨਿਰਮਾਣ ਹੋਕੇ ਸਿਰ ਤੇ ਟੋਕਰੀ ਰਖਕੇ ਬਾਉਲੀ ਦੀ ਕਾਰਸੇਵਾ ਕਰਦੇ ਡਿਠਾ ਤਾਂ ਰੋਸ ਵਿਚ ਆ ਗਏ ਅਤੇ ਸ੍ਰੀ ਗੁਰੂ ਅਮਰਦਾਸ ਜੀ ਕੋਲ ਸ਼ਿਕਾਇਤ ਕਰਨ ਲਗੇ। ਗੁਰੂ ਜੀ, ਭਾਈ ਜੇਠਾ ਜੀ ਵਲ ਤੱਕਕੇ ਮੁਸਕਰਾਏ ਅਤੇ ਕਿਹਾ ਕਿ ਇਹ ਭਾਰ ਜੇਠਾ ਨਹੀਂ ਕਰ ਰਹੇ ਸਗੋਂ ਇਹ ਤਾਂ ਦੋਹਾਂ ਲੋਕ ਦਾ ਛਤਰ ਸਿਰ ਤੇ ਸਜਾਈ ਫਿਰਦੇ ਹਨ।

ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਹਨਾ ਦਿਨਾਂ ਵਿਚ ਅਕਬਰ ਬਾਦਸ਼ਾਹ ਨੇ ਚਤੌੜ ਦੇ ਕਿਲੇ ਨੂੰ ਘੇਰੇ ਵਿਚ ਲਿਆ ਹੋਇਆ ਸੀ ਪਰ ਕਿਲ੍ਹਾ ਸਰ ਨਹੀਂ ਸੀ ਹੋ ਰਿਹਾ। ਅਖੀਰ ਬਾਦਸ਼ਾਹ ਨੇ ਗੁਰੂ ਜੀ ਵਲ ਬੇਨਤੀ ਕੀਤੀ ਕਿ ਉਹ ਕਿਲ੍ਹਾ ਸਰ ਹੋਣ ਲਈ ਅਰਦਾਸ ਕਰਨ ਤਾਂ ਗੁਰੂ ਜੀ ਨੇ ਕਿਹਾ ਕਿ "ਕੜ ਟੁਟੇ ਗੜ ਛੁਟੇ" ਭਾਵ ਜਿਸ ਦਿਨ ਬਾਉਲੀ ਵਿਚ ਪਾਣੀ ਆਇਆ, ਉਸ ਦਿਨ ਹੀ ਕਿਲ੍ਹਾ ਸਰ ਹੋਇਆ। ਪਰੰਤੂ ਇਹ ਲਿਖਾਰੀ ਦੀ ਸਰਾਸਰ ਭੁਲ ਹੈ ਕਿਉਂਕਿ ਬਾਉਲੀ ਦੀ ਕੜ ਟੁਟਣ ਨਾਲ ਚਿਤੌੜ ਦੇ ਕਿਲੇ ਦਾ ਫਤਹ ਹੋਣਾ ਮੇਲ ਨਹੀਂ ਖਾਂਦਾ। ਇਤਿਹਾਸ ਗਵਾਹ ਹੈ ਕਿ ਚਿਤੌੜ ਦਾ ਕਿਲ੍ਹਾ ੧੫੬੭ ਈਸਵੀ ਵਿਚ ਫਤਿਹ ਹੋਇਆ ਪਰ ਬਾਉਲੀ ਦਾ ਕੜ ੧੫੬੫ ਈਸਵੀ ਵਿਚ ਟੁਟਿਆ ਸੀ। ਕਿਹਾ ਜਾਂਦਾ ਹੈ ਕਿ ਜਦੋਂ ਬਾਉਲੀ ਸਾਹਿਬ ਦੀ ਕਾਰ ਸੇਵਾ ਹੋ ਰਹੀ ਸੀ ਤਾਂ ਇਕ ਜਗ੍ਹਾ ਇਕ ਅਲਮਾਰੀ ਲਗੀ ਹੋਈ ਮਿਲੀ ਤਾਂ ਸਿਖਾਂ ਨੇ ਗੁਰੂ ਜੀ ਨੂੰ ਇਸ ਬਾਰੇ ਸੂਚਿਤ ਕੀਤਾ। ਗੁਰੂ ਜੀ ਨੇ ਸਿਖਾਂ ਨੂੰ ਉਹ ਅਲਮਾਰੀ ਖੋਲ੍ਹਣ ਲਈ ਕਿਹਾ ਤਾਂ ਵਿਚੋਂ ਇਕ ਜੋਗੀ ਮਿਲਿਆ ਜਿਸਨੇ ਸੁਆਸ ਦਸਮ ਦੁਆਰ ਚੜ੍ਹਾਏ ਹੋਏ ਸਨ। ਗੁਰੂ ਜੀ ਦੇ ਕਹਿਣ ਤੇ ਸਿਖਾਂ ਨੇ ਉਸਦੀ ਮਾਲਿਸ਼ ਕੀਤੀ ਤਾਂ ਸੁਆਸ ਉਤਰੇ ਪਰੰਤੂ ਗੁਰੂ ਜੀ ਨੇ ਉਸੀ ਜਗ੍ਹਾ ਉਸ ਨੂੰ ਦਬਾਉਣ ਦਾ ਹੁਕਮ ਦੇ ਦਿਤਾ ਅਤੇ ਕਿਹਾ ਕਿ ਇਸ ਅਸਥਾਨ ਉਪਰ "ਗੁਰੂ ਕੀ ਹੱਟ" ਬਣਾਈ ਜਾਵੇ। ਭਾਈ ਕੇਸਰ ਸਿੰਘ ਛਿਬਰ ਪੁਸਤਕ "ਬੰਸਾਵਲੀ ਨਾਮਾ ਪਾਤਸ਼ਾਹੀਆਂ ਦਸਾਂ ਕਾ" ਵਿਚ ਲਿਖਦੇ ਹਨ :—

ਖੋਦਤਿ ਖੋਦਤਿ ਦੂਰ ਹੀ ਗਏ।
ਪਾਣੀ ਮੂਲ ਨ ਨਿਕਸਤਿ ਭਏ।
ਆਗੇ ਨਿਕਸਾ ਇਕ ਦਰਵਾਜਾ।
ਕੀਤਾ ਹੋਆ ਬੰਦ ਤਾਕ ਜੋ ਸਾਜਾ। ੫੫।
ਸਿਖਾਂ ਆਇ ਕੀਤੀ ਅਰਦਾਸ।
ਜੋ ਨਿਕਲੀ ਤਾਕੀ ਲਗੀ ਤਾਕ ਤਾਸ।
ਬਚਨ ਕੀਤਾ ਖੋਲਕੇ ਦੇਖੋ ਕੀ ਹੈ ਅੰਦਰਿ।
ਵਿਚਿ ਪਤਾਲ ਜੋ ਖੜਿਆ ਮੰਦਰ। ੫੬।
ਖੋਲੀ ਤਾਕੀ ਡਿਠਾ ਤਾਸ।
ਦਸਵੇਂ ਦੁਆਰ ਸੁਆਸ ਚੜੇ ਬੈਠਾ ਤਪਾਸ।
ਬਚਨ ਕੀਤਾ ਇਸ ਨੂੰ ਮਲਦਨ ਕਰੋ।
ਲੌਂਗ, ਤੇਲ ਕਸਤੂਰੀ ਲਿਟਦੇ ਧੂਈ ਧਰੋ। ੫੭।
ਤੈਸੇ ਹੀ ਮਲਦਨ ਤਨੁ ਕਰੀ।
ਸਰਦੀ ਸੀਤਲ ਦਾਸ ਪਰਹਰੀ।



Sri Satguru Jagjit Singh Ji eLibrary NamdhariElibrary@gmail.com

ਉਤਰੇ ਸਾਸ ਤਿਨ ਬੰਨ ਉਚਾਰੇ ।
ਤਾਸ ਤਾਵਨ ਹੈ ਜੁਧੁ ਕੋ ਜੀਤੇ ਕੋ ਹਾਰੇ ।੫੮।
ਕਿਸੀ ਸਿਖ ਤਹਾਂ ਐਸੇ ਉਚਾਰਾ ।
ਲਗਾ ਹੈ ਜੁਧੁ ਨਾ ਕੋਈ ਜੀਤਾ ਨ ਕੋਈ ਹਾਰਾ ।
ਪੁਨ ਸੁਆਸ ਤਿਨ ਚਸਕੇ ਖੰਡ ਚਾਰੇ ।
ਐਸੇ ਬਚਨ ਸੁਣੇ ਤਿਨ ਸਾਰੇ ।।੫੯।
ਨਹੀ ਮਲੂਮ ਕਉਨ ਤਪਸੀ ਸੋ ਆਹਾ ।
ਸਾਹਿਬ ਬਚਨੁ ਕੀਤਾ ਐਸੇ ਤਿਨਕੋ ਕਹਨਾ ਨਾਹਾ ।
ਬਹੁਤ ਮਿਟੀ ਪਾਇ ਦਾਬ ਰਹੁ ਦੀਨਾ ।
ਤਾਂ ਕੇ ਸੀਸੁ ਪਰ ਹਰਿਮੰਦਰਿ ਕੀਨਾ ।੬੦।
ਤਾਂ ਕੇ ਸੀਸੁ ਪਰ ਪੈਰ ਨਾ ਧਰਨਾ ।
ਤਹਾਂ ਨਹਾਵਣੀ ਪੂਜਾ ਕੀ ਕਰਨਾ ।
ਬੋਲਨ ਪੜੇ ਅਰੁ ਪੈਰ ਨਾ ਆਵੇ ।
ਅਦਬ ਤਪਸੀ ਕਾ ਨਹੀ ਜਾਵੇ ।੬੧।

ਜਦੋਂ ਬਉਲੀ ਸਾਹਿਬ ਦੀ ਖੁਦਾਈ ਹੋ ਰਹੀ ਸੀ ਤਾਂ ਪਾਣੀ ਨਹੀਂ ਸੀ ਆ ਰਿਹਾ ਕਿਉਂਕਿ ਪਾਣੀ ਦੇ ਰਸਤੇ ਵਿਚ ਇਕ ਬਹੁਤ ਵਡਾ ਪੱਥਰ ਰੁਕਾਵਟ ਪਾ ਰਿਹਾ ਸੀ। ਅੰਤ ਗੁਰੂ ਜੀ ਨੇ ਨੇੜੇ ਖੜੇ ਇਕ ਸਿਖ ਨੂੰ ਕਿਹਾ ਕਿ ਉਹ ਹਥੌੜਾ ਲੈ ਕੇ ਵਿਚ ਜਾਵੇ ਅਤੇ ਹਥੌੜੇ ਨਾਲ ਪੱਥਰ ਨੂੰ ਤੋੜੇ। ਜਦ ਸਿਖ ਨੇ ਜ਼ੋਰ ਨਾਲ ਹਥੌੜਾ ਪੱਥਰ ਉਤੇ ਮਾਰਿਆ ਤਾਂ ਪੱਥਰ ਟੁਟ ਗਿਆ ਅਤੇ ਪਾਣੀ ਬਹੁਤ ਜ਼ੋਰ ਨਾਲ ਆਉਣ ਕਾਰਨ ਉਹ ਸਿਖ ਪਾਣੀ ਵਿਚ ਡੁਬ ਗਿਆ। ਉਸ ਸਿਖ ਦੀ ਮਾਤਾ ਵਿਰਲਾਪ ਕਰਨ ਲਗੀ ਕਿ ਉਹ ਉਸਦਾ ਇਕਲੌਤਾ ਪੁਤਰ ਹੈ। ਗੁਰੂ ਜੀ ਨੇ ਪੁਛਿਆ ਕਿ ਸਿਖ ਦਾ ਕੀ ਨਾਉਂ ਹੈ ਤਾਂ ਉਸਦੀ ਮਾਤਾ ਨੇ ਜਵਾਬ ਦਿਤਾ ਕਿ ਨਾਮ ਮਾਣਕ ਚੰਦ ਹੈ। ਗੁਰੂ ਜੀ ਨੇ ਸੁਭਾਵਕ ਹੀ ਕਿਹਾ ਕਿ ਕਦੀ ਮਾਣਕ ਵੀ ਡੁੱਬਦੇ ਹਨ ਇੰਨਾ ਕਹਿਣ ਦੀ ਦੇਰ ਸੀ ਕਿ ਪਾਣੀ ਦੇ ਉਛਾਲੇ ਨਾਲ ਮਾਣਕ ਚੰਦ ਬਾਹਰ ਆ ਗਿਆ ਤਾਂ ਸਿਖਾਂ ਨੇ ਬਾਹਰ ਕੱਢ ਲਿਆ। ਗੁਰੂ ਜੀ ਨੇ ਉਸ ਨੂੰ "ਜੀਵੜਾ" ਦਾ ਵਰ ਦਿਤਾ :—

ਅਹਿਦ ਗੁਰੂ ਤੀਸਰ ਸੁਰੀਸਰ ਕੇ ਪਾਦ ਕੰਜ ।
ਮਰੇ ਤਥਿ ਮਾਣਕ ਨੈ ਦੁਖ ਭੰਜ ਪਾਵਨੋਂ ।
ਤਾਹਿ ਸੀਸ ਧਾਰਿ ਹਾਥ ਕਹਯੋ ਗੁਰੂ ਪ੍ਰੇਮ ਨਾਥ ।
ਜੀਵੜ ਤੂੰ ਜੀਵਤ ਸੁਖੀਵਤ ਅਗਾਵਨੋਂ ।

(ਗਿਆਨੀ ਗਿਆਨ ਸਿੰਘ : ਪੰਥ ਪ੍ਰਕਾਸ਼, ਪੰਨਾ ੬੦੫)

ਬਉਲੀ ਸਾਹਿਬ ਦੀ ਉਸਾਰੀ ਹੋਣ ਨਾਲ ਗੋਇੰਦਵਾਲ ਦਿਨ ਪ੍ਰਤੀ ਦਿਨ ਉੱਨਤੀ ਕਰਨ ਲਗਾ। ਹੁਣ ਸਿਖਾਂ ਦਾ ਤੀਰਥ ਵੀ ਗੁਰਦੁਆਰਾ ਬਣ ਗਿਆ ਕਿਉਂਕਿ ਇਥੇ ਇਸ਼ਨਾਨ ਕਰਨ ਨਾਲ ਉਹਨਾਂ ਨੂੰ ਉਦੋਂ ਹੀ ਤ੍ਰਿਪਤੀ ਹੋਣ ਲਗੀ ਜੋ ਕਦੀ ਹਰਦੁਆਰ ਜਾ ਕੇ ਗੰਗਾ ਦੇ ਕੰਢੇ ਇਸ਼ਨਾਨ ਕਰਕੇ ਹੁੰਦੀ ਸੀ। ਗੁਰੂ ਜੀ ਦੇ ਅਧਿਆਤਮਕ ਪ੍ਰਭਾਵ ਤੋਂ ਗੁਰਦੁੱਖੀ ਤਾਂ ਸੁਖੀ ਹੋਏ ਹੀ ਸਨ, ਸਗੋਂ ਮੌਤ ਵੀ ਡਰਨ ਲਗ ਪਈ। ਗੋਇੰਦਵਾਲ ਸਾਹਿਬ ਵਿਚ ਨੌਜੁਆਨ ਨਿਵਾਸੀਆਂ ਦੇ ਛੇਤੀ ਮੌਤ ਆਉਣ ਤੋਂ ਸੰਗਤਾਂ ਅਤੇ ਨੌਜੁਆਨਾਂ ਦਾ ਮਰਨਾ ਹੀ ਖ਼ਤਮ ਹੋ ਗਿਆ। ਇਕ ਵਾਰ ਕਿਹਾ ਜਾਂਦਾ ਹੈ ਕਿ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਇਕ ਪਾਸੇ ਸ਼ਹਿਰ ਵਿਚੋਂ ਕਿਸੇ ਦੇ ਰੋਣ ਦੀ ਆਵਾਜ਼ ਆਈ। ਗੁਰੂ ਜੀ ਨੇ ਇਕ ਸਿਖ ਨੂੰ ਉਸ ਤਰਫ਼ ਭੇਜਿਆ ਤਾਂ ਕਿ ਉਹ ਪਤਾ ਕਰੇ। ਕੁਝ ਚਿਰ ਬਾਅਦ ਸਿਖ ਵਾਪਸ ਆਇਆ ਤੇ ਦਸਿਆ ਕਿ ਇਕ ਮਾਈ ਰੋ ਰਹੀ ਹੈ ਕਿਉਂਕਿ ਉਸਦਾ ਇਕਲੌਤਾ ਪੁੱਤਰ ਮਰ ਗਿਆ ਹੈ ਜੋ ਉਸਦਾ ਇਕੋ ਇਕ ਬੁਢਾਪੇ ਦਾ ਆਸਰਾ ਸੀ। ਗੁਰੂ ਜੀ ਇਹ ਸ਼ਬਦ ਸੁਣਕੇ ਮੋਹਵਾਨ ਹੋ ਗਏ ਅਤੇ ਫਿਰ ਕਿਹਾ ਕਿ ਉਹਨਾਂ ਦੀ ਜੀਉਂਦੇ ਜੀਅ ਭਵਿਖਤ ਕਾਲ ਵਿਚ ਗੋਇੰਦਵਾਲ ਵਿਚ ਨਾਂ ਤਾਂ ਕੋਈ ਕਿਸੇ ਦਾ ਜੁਆਨ ਪੁਤਰ ਮਰੇਗਾ ਅਤੇ ਨਾਂਹ ਹੀ ਕੋਈ ਜੁਆਨ ਨਾਰ ਵਿਧਵਾ ਹੋਵੇਗੀ :

ਨਰ ਤ੍ਰਿਯ ਮ੍ਰਿਤਕ ਹੋਇ ਕੋਇ ਨਾਹੀ ।
ਜਸ ਲਗ ਤਨ ਧਰ ਹਮ ਪੁਰ ਮਾਂਹੀ ।
ਜਾਨ ਕ ਨਾਰ ਵਿਧਵ ਤਿਸ ਕਾਲ ।
ਜੋ ਨਰ ਜੀਵਨ ਤਰੁਨ ਕਾਲ ।

(ਸੂਰਜ ਪ੍ਰਕਾਸ਼ ਪੰਨਾ ੧੬੦੨)

ਜਿੰਨਾ ਚਿਰ ਤਕ ਤੀਸਰੀ ਪਾਤਸ਼ਾਹੀ ਦਾ ਪੰਜ ਭੌਤਕ ਸਰੀਰ ਕਾਇਮ ਰਿਹਾ, ਇਹ ਭਵਿਖਬਾਣੀ ਕਾਇਮ ਰਹੀ। ਜਦ ਲੋਕਾਈ ਨੇ ਗੁਰੂ ਜੀ ਦੀ ਇਹ ਭਵਿਖਬਾਣੀ ਸੁਣੀ ਤਾਂ ਲੋਕਾਂ ਨੇ ਇਥੇ ਆ ਕੇ ਆਪਣੇ ਘਰ ਉਸਾਰ ਲਏ ਅਤੇ ਆਪਣੇ ਕਾਰੋਬਾਰ ਸ਼ੁਰੂ ਕਰ ਦਿਤੇ। ਛੇਤੀ ਹੀ ਉਹ ਇਕ ਚਹਿਲ ਪਹਿਲ ਵਾਲਾ ਸ਼ਹਿਰ ਬਣ ਗਿਆ। ਇਥੇ ਗੁਰੂ ਅਸਥਾਨਾਂ ਦਾ ਵੇਰਵਾ ਇਸ ਪ੍ਰਕਾਰ ਹੈ :—

ਗੁਰਦੁਆਰਾ ਹਵੇਲੀ ਸਾਹਿਬ :—

ਇਥੇ ਤੀਸਰੀ ਪਾਤਸ਼ਾਹੀ ਜੀ ਦਾ ਰਿਹਾਇਸ਼ੀ ਮਕਾਨ ਸੀ। ਇਥੇ ਆਪ ਜੀ ਚੌਬਾਰਾ ਦੀਵਾਨ ਸਜਾਇਆ ਕਰਦੇ ਸਨ। ਇਥੇ ਹੀ ਪੰਚਮ ਪਾਤਸ਼ਾਹ ਜੀ ਦਾ ਜਨਮ ਅਸਥਾਨ, ਪਾਲਕੀ, ਥੰਮ ਸਾਹਿਬ, ਤੇਈਏ ਤਾਪ ਦੀ ਕੋਠੜੀ, ਬੀਬੀ ਭਾਨੀ ਜੀ ਦਾ ਚੁਲ੍ਹਾ ਤੇ ਗੁਰੂ ਅਮਰ ਦਾਸ ਜੀ ਦੇ ਜੋਤੀ ਜੋਤ ਸਮਾਉਣ ਦੇ ਸਥਾਨ ਵੀ ਹਨ। ਇਥੇ ਹੀ ਗੁਰੂ ਪਾਲਕੀ ਵੀ ਮੌਜੂਦ ਹੈ ਜਿਸ ਵਿਚ ਪੰਚਮ ਪਾਤਸ਼ਾਹ ਜੀ ਨੇ ਗੋਇੰਦਵਾਲ ਤੋਂ ਗੁਰਬਾਣੀ ਦੀਆਂ ਪੋਥੀਆਂ ਮੰਗਵਾਈਆਂ ਸਨ। ਬਰਾਂਡੇ ਵਿਚ ਸ੍ਰੀ ਗੁਰੂ ਰਾਮ ਦਾਸ ਜੀ ਦਾ ਬੁਨਿਆਦੀ ਅਸਥਾਨ ਵੀ ਹੈ। ਇਥੇ ਹੀ ਉਹ ਕੋਠੜੀ ਮੌਜੂਦ ਹੈ ਜਿਸ ਵਿਚ ਪੰਚਮ ਪਾਤਸ਼ਾਹ



Sri Satguru Jagjit Singh Ji eLibrary NamdhariElibrary@gmail.com

ਜੀ ਨੇ ਅਵਤਾਰ ਧਾਰਿਆ ਸੀ। ਇਸ ਗੁਰਦੁਆਰੇ ਦੀ ਡਿਉਢੀ ੧੮ ਹਜ਼ਾਰ ਰੁਪਏ ਦੀ ਲਾਗਤ ਨਾਲ ਮਹਾਰਾਜਾ ਫਰੀਦਕੋਟ ਨੇ ਬਣਵਾਈ ਸੀ। ਇਸ ਜਗ੍ਹਾ ਤੀਸਰੀ ਪਾਤਸ਼ਾਹੀ ਜੀ ਦਾ ਇਕ ਚੋਲਾ ਵੀ ਮੌਜੂਦ ਹੈ।

**੨. ਖੂਹ ਗੁਰੂ ਰਾਮ ਦਾਸ ਜੀ ਦਾ :**

ਇਹ ਆਬਾਦੀ ਦੇ ਵਿਚਕਾਰ ਚੌਥੀ ਪਾਤਸ਼ਾਹੀ ਦੁਆਰਾ ਉਸਾਰਿਆ ਗਿਆ ਹੈ। ਨਾਲ ਦੀ ਇਕ ਕੋਠੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

**੩. ਅਨੰਦ ਜੀ ਦਾ ਅਸਥਾਨ :**

ਅਨੰਦ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਪੋਤਰੇ ਤੇ ਬਾਬਾ ਮੋਹਰੀ ਜੀ ਦੇ ਪੁੱਤਰ ਸਨ ਜਿਨ੍ਹਾਂ ਦੇ ਰਹਿਣ ਦੀ ਥਾਂ ਬਜ਼ਾਰ ਵਿਚ ਮੰਜੀ ਸਾਹਿਬ ਉਸਾਰਿਆ ਹੋਇਆ ਹੈ। ਇਹਨਾਂ ਪਾਸ ਸਹਸਰਾਮ ਜੀ ਵਾਲੀਆਂ ਗੁਰਬਾਣੀ ਦੀਆਂ ਪੋਥੀਆਂ ਸਨ, ਜਿਹਨਾਂ ਵਿਚ ਇਕ ਅਜਕਲ ਮਹਲਾ ਛਪਤ ਬੰਦੀਆਂ (ਪਟਿਆਲਾ) ਵਿਖੇ ਬਾਬਾ ਸਿੰਘ ਪਾਸ ਹੈ ਜਿਸਦੇ ਦਰਸ਼ਨ ਹਰ ਪੂਰਨਮਾਸ਼ੀ ਨੂੰ ਕਰਵਾਏ ਜਾਂਦੇ ਹਨ। ਦੂਜੀ ਪੋਥੀ ਅਜਕਲ ਮੰਡੀ ਦਾਰਾਪੁਰ (ਉਤਮੁਤ ਟਾਂਡਾ, ਜ਼ਿਲਾ ਹੁਸ਼ਿਆਰਪੁਰ) ਦੇ ਬਾਬਾ ਦਲੀਪ ਪਾਸ ਹੈ ਜਿਸਦੇ ਦਰਸ਼ਨ ਹਰ ਸੰਗਰਾਂਦ ਵਾਲੇ ਦਿਨ ਕਰਵਾਏ ਜਾਂਦੇ ਹਨ ਪਰੰਤੂ ਵਾਚਣ ਦੀ ਆਗਿਆ ਨਹੀਂ ਮਿਲਦੀ।

**੪. ਮੋਹਨ ਜੀ ਦਾ ਚੁਬਾਰਾ :**

ਬਾਬਾ ਮੋਹਨ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਸਨ ਅਤੇ ਇਸ ਚੁਬਾਰੇ ਵਿਚ ਨਿਵਾਸ ਕਰਦੇ ਸਨ। ਇ ਹਵੇਲੀ ਸਾਹਿਬ ਦੇ ਰਸਤੇ ਨਾਲ ਲਗਦਾ ਇਕ ਸਾਧਾਰਨ ਜਿ ਅਸਥਾਨ ਹੈ। ਇਥੋਂ ਹੀ ਪੰਜਮ ਪਾਤਸ਼ਾਹ ਜੀ ਗੁਰਬਾ ਦੀਆਂ ਪੋਥੀਆਂ ਲੈਣ ਆਏ ਸਨ। ਅਤੇ ਖਲੋਕੇ 'ਮੋਹਨ ਤੇ ਊਚੇ ਮੰਦਰ ਮਹਿਲ ਅਪਾਰਾ' ਵਾਲਾ ਸ਼ਬਦ ਗਾਇਆ ਸੀ।

**੫. ਬਾਉਲੀ ਸਾਹਿਬ :**

ਬਾਉਲੀ ਸਾਹਿਬ ਬਾਰੇ ਕਾਫ਼ੀ ਵਿਸਥਾਰ ਸਹਿਤ ਉਪ ਵਰਨਣ ਆ ਚੁਕਾ ਹੈ। ਉਸਦੀਆਂ ੮੪ ਪੌੜੀਆਂ ਬਣਾਈਆਂ ਗਈਆਂ ਸਨ ਅਤੇ ਇਹ ਗੱਲ ਪ੍ਰਸਿੱਧ ਹੋ ਗਈ ਸੀ ਕਿ ਜੋ ਕੋਈ ਸਿੱਖ ਹਰ ਪੌੜੀ ਤੇ ਬੈਠ ਕੇ ਇਸ਼ਨਾਨ ਕਰੇ ਤਾਂ ਉਹ ਚੌਰਾਸੀ ਲੱਖ ਦੀ ਜੂਨੀ ਤੋਂ ਛੁਟਕਾਰਾ ਪਾ ਲਵੇਗਾ।

ਮੁਗਲ ਬਾਦਸ਼ਾਹਾਂ ਦੇ ਵੇਲੇ ੧੧੫੫ ਰੁਪਏ ਦੀ ਗੋਇੰਦਵਾਲ, ਟੱਡੇਵਾਲ, ਦੁਲਚਵਾਲ ਅਤੇ ਫਤੇਚੱਕ ਵਿਚ ਜਾਗੀਰ ਮਿਲੀ। ਰਿਆਸਤ ਕਪੂਰਥਲੇ ਵਲੋਂ ੩੩੫ ਰੁਪਏ, ਰਿਆਸਤ ਨਾਭੇ ਤੋਂ ੫੪ ਰੁਪਏ ਮਿਲਦੇ ਰਹੇ ਹਨ। ਗੁਰਦੁਆਰੇ ਨਾਲ ਗੋਇੰਦਵਾਲ, ਖਡੂਰ ਸਾਹਿਬ, ਦਾਦਾਂ, ਅਲਖਤਪੁਰਾ, ਮਿਆਣੀ ਪੱਖ, ਝਬੇਤ, ਫੇਰੋਵਾਲ, ਧੁੰਦਾ ਆਦਿਕ ਪਿੰਡਾਂ ਵਿਚ ਬਹੁਤ ਸਾਰੀ ਜ਼ਮੀਨ ਹੈ ਅਤੇ ਗੁਰਦੁਆਰੇ ਦੇ ਮਕਾਨ ਗੋਇੰਦਵਾਲ, ਫਤੇਆਬਾਦ, ਫਿਰੋਜ਼ਪੁਰ ਸ਼ਹਿਰ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਹਰਗੋਬਿੰਦਪੁਰ ਵਿਚ ਹਨ।

*

REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

**GUNS**

Grams : SNIPER

Phone : 3503

**MODERN GUN WORKS**

Opp. Industrial Estate,

JAMMU CANTT.



Sri Satguru Jagjit Singh Ji eLibrary NamdhariElibrary@gmail.com

# ਸੰਤ ਜਗਤ ਸਿੰਘ ਜੰਮੂ

ਗੁਰਬਾਣੀ ਵਿਚ ਗ੍ਰਿਸਥੀ ਜੀਵਨ ਬਾਰੇ ਬਹੁਤ ਕੁਝ ਅੰਕਿਤ ਹੈ। ਇਹ ਵੀ ਲਿਖਿਆ ਹੈ ਕਿ ਜਿਵੇਂ ਪਾਣੀ ਵਿਚ ਕਮਲ ਦਾ ਬੂਟਾ ਪਾਣੀ ਤੋਂ ਅਭਿਜ ਰਹਿੰਦਾ ਹੈ ਇਸ ਤਰ੍ਹਾਂ ਹੀ ਗ੍ਰਿਸਥ ਵਿਚ ਹੀ ਤਿਆਗੀ ਜਾਂ ਵੈਰਾਗੀ ਹੋਵੇ।

ਜਿਉ ਜਲ ਮਹਿ ਕਮਲ ਅਲਿਪਤੋ ਵਰਤੈ

ਤਿਉ ਵਿਚੇ ਗਿਰਹ ਉਦਾਸ

ਸੰਤ ਜਗਤ ਸਿੰਘ ਜੰਮੂ ਵਾਲੇ ਅਜਿਹੇ ਇਕ ਮਹਾਂਪੁਰਸ਼ ਸਨ ਜਿਨ੍ਹਾਂ ਸਾਰੀ ਉਮਰ ਹੀ ਕੀਰਤਨ ਅਤੇ ਸਤਿਸੰਗ ਵਿਚ ਬਿਤਾਈ। ਇਸ ਦੇ ਨਾਲ ਸਫਲ ਪਰਿਵਾਰਕ ਜੀਵਨ ਬਿਤਾਇਆ। ਸੁਖਮਣੀ ਦੀਆਂ ਇਹਨਾਂ ਤੁਕਾਂ ਨੂੰ ਉਹਨਾਂ ਅਨੁਭਵੀਮਾਨ ਕੀਤਾ।

ਅਨਦਿਨੁ ਕੀਰਤਨੁ ਕੇਵਲ ਬਖਿਆਨੁ

ਗ੍ਰਿਹਸਤ ਮਹਿ ਸੋਈ ਨਿਰਬਾਨੁ।

ਮੇਰੇ ਜੰਮੂ ਨਿਵਾਸ ਸਮੇਂ ਦੀਆਂ ਬਹੁਤ ਸਾਰੀਆਂ ਪਿਆਰੀਆਂ ਯਾਦਾਂ ਸੰਤਾਂ ਨਾਲ ਜੁੜੀਆਂ ਪਈਆਂ ਹਨ। ਆਪ ਅੱਸੀਆਂ ਦੇ ਲਾਗੇ ਸਾਗੇ ਆਪੂ ਵਜੋਂ ਪੁਜ ਚੁਕੇ ਸਨ ਪਰ ਉਚਾ ਨੌਜਵਾਨਾਂ ਨੂੰ ਮਾਤ ਪਾਉਂਦਾ ਤੇ ਸਰੀਰ ਦੀ ਪਿਸ਼ਟ ਪੁਸ਼ਟ। ਆਪਣੀ ਮੋਟਰ ਗਾਡੀਆਂ ਦੀ ਵਰਕਸ਼ਾਪ ਵਿਚ ਸਾਰੇ ਤੌਂ ਭਾਰਾ ਕੰਮ ਕਰਨ ਦੇ ਸਮਰਥ ਸਨ। ਉਹਨਾਂ ਦਾ ਸਦਾ ਇਹ ਨੇਮ ਰਿਹਾ ਕਿ ਭਾਵੇਂ ਇਕੱਲਿਆਂ ਹੀ ਹੋਣਾ ਹਰ ਐਤਵਾਰ ਸ਼ਾਮ ਨੂੰ ਉਹਨਾਂ ਢੋਲਕ ਵਜਾ ਦੇਣੀ। ਹੌਲੀ ਹੌਲੀ ਬਾਕੀ ਸੰਗਤ ਨੇ ਵੀ ਇਕਠਿਆਂ ਹੋ ਜਾਣਾ। ਉਹ ਢੋਲਕ ਵਜਾਉਣ ਦੇ ਬਹੁਤ ਮਾਹਰ ਸਨ। ਸੁਰ ਤਾਲ ਅਤੇ ਲੈਅ ਉਹਨਾਂ ਦੇ ਅੰਦਰ ਵਸੀ ਹੋਈ ਸੀ। ਢੋਲਕ ਨੂੰ ਇਕ ਲੈਅ ਤੇ ਅਤੇ ਉਹ ਵੀ ਬਹੁਤ ਵਿਲੰਬਿਤ ਲੈਅ ਤੇ ਵਜਾਉਣਾ ਬਹੁਤ ਮੁਸ਼ਕਲ ਕਾਰਜ ਹੈ। ਵਡੇ ਤੋਂ ਵਡੇ ਵਜੰਤਰੀ ਕੋਲੋਂ ਲੈਅ ਸਾਂਭੀ ਨਹੀਂ ਜਾਂਦੀ। ਪਰ ਸੰਤ ਜਗਤ ਸਿੰਘ ਐਸੀ ਅਤਿ ਵਿਲੰਬਿਤ ਲੈਅ ਤੇ ਢੋਲਕ ਨੂੰ ਥੰਨ੍ਹ ਛਡਦੇ ਕਿ ਮਜਾਲ ਹੈ ਜ਼ਰਾ ਜਿਨਾਂ ਵੀ ਅਗੇਤ ਪਛੇਤ ਹੋ ਜਾਵੇ।

ਉਹਨਾਂ ਨੂੰ ਕੀਰਤਨ ਦੀਆਂ ਪੁਰਾਣੀਆਂ ਚੀਜ਼ਾਂ ਬਹੁਤ ਯਾਦ ਸਨ। ਸੂਫੀਆਨਾਂ ਬੋਲ ਅਤੇ ਅਨੇਕਾਂ ਪ੍ਰਕਾਰ ਦੀਆਂ ਧੁਨੀਆਂ ਯਾਦ ਸਨ। ਜਦੋਂ ਕਿਤੇ ਉਹ ਰੰਗ ਵਿਚ ਆਉਂਦੇ ਤਾਂ ਇਹਨਾਂ ਪੁਰਾਣੀਆਂ ਚੀਜ਼ਾਂ ਨੂੰ ਬਹੁਤ ਸੁਰ ਵਿਚ ਗਾਉਂਦੇ। ਸ਼ੁਰੂ ਸ਼ੁਰੂ ਵਿਚ ਸੰਤਾਂ ਨੇ ਕਦੇ ਕਦੇ ਮੇਰੀ ਬੁਟੀਆ ਵਿਚ ਆ ਜਾਣਾ ਆਪ ਢੋਲਕ ਫੜ ਲੈਣੀ ਅਤੇ ਮੈਨੂੰ ਹਾਰਮੋਨੀਅਮ ਤੇ ਉਂਗਲਾ ਫੇਰਨ ਨੂੰ ਕਹਿਣਾ। ਕਿੰਨਾ ਕਿੰਨਾ ਚਿਰ ਉਹਨਾਂ ਚੀਜ਼ਾਂ ਉਚਾਰਣੀਆਂ ਅਤੇ ਜਿੰਨਾ ਚਿਰ ਹਾਰਮੋਨੀਅਮ ਤੇ ਮੈਂ ਸੁਰ ਨਾ ਫੜ ਲੈਣੀਆਂ ਉਹਨਾਂ ਹਟਣਾ ਨਾ।

ਜੰਮੂ ਵਿਚ ਉਹਨਾਂ ਦੀ ਕ੍ਰਿਪਾ ਸਦਕਾ ਬਹੁਤ ਰਸਦਾਇਕ ਅਤੇ ਰੂਹਾਨੀ ਕੀਰਤਨ ਦੀਆਂ ਛਹਿਬਰਾਂ ਲਗਦੀਆਂ। ਜੋ ਵੀ ਜੰਮੂ ਗਿਆ ਉਹ ਉਥੋਂ ਦੇ ਸੁਖਦ ਵਾਤਾਵਰਨ ਤੋਂ ਪ੍ਰਭਾਵਿਤ ਹੋਣੋਂ ਨਾ ਰਹਿ ਸਕਿਆ। ਪ੍ਰੇਮ ਪਿਆਰ ਨਾਲ ਲਵਾ ਲਬ ਦਿਲ ਹਰ ਵੇਲੇ ਸੇਵਾ ਵਾਸਤੇ ਤੜਪਦੇ ਹੱਥ, ਅਤੇ ਸਤਿਕਾਰ ਵਿਚ ਭਿਜੀਆਂ ਅੱਖਾਂ ਮਿਲਦੀਆਂ।

ਸੰਤ ਜਗਤ ਸਿੰਘ ਐਸ ਵੇਲੇ ਜੰਮੂ ਵਾਲੇ ਸੰਤ ਭਰਾਵਾਂ ਵਿਚੋਂ ਸਭ ਤੋਂ ਵਡੇ ਸਨ ਕਿਸੇ ਵੇਲੇ ਸੰਤ ਭਰਾਵਾਂ ਦੀ ਮੋਟਰ ਗਾਡੀਆਂ ਦੀ ਵਰਕਸ਼ਾਪ ਸਾਰੀ ਰਿਆਸਤ ਅਤੇ ਬਾਹਰ ਵੀ ਪਰਸਿਧ ਸੀ। ਆਪ ਦੇ ਪਿਤਾ ਜੀ ਸੰਤ ਭੋਲਾ ਸਿੰਘ ਜੀ ਜੋ ਭਾਪੂ ਜੀ ਕਰਕੇ ਪ੍ਰਸਿਧ ਸਨ ਬਹੁਤ ਉਚੇ ਆਤਮਕ ਮੰਡਲਾਂ ਦੇ ਵਾਸੀ ਸਨ ਅਤੇ ਸ਼ਬਦ ਸਿਧੀਆਂ ਦੇ ਮਾਲਕ ਸਨ। ਜੰਮੂ ਵਿਚ ਇਹ ਪ੍ਰਸਿਧ ਸੀ ਕਿ ਜੋ ਉਹ ਮੂੰਹ ਤੋਂ ਕਹਿੰਦੇ ਸੱਚ ਹੁੰਦਾ। ਭਾਪੂ ਜੀ ਅਤੇ ਉਹਨਾਂ ਦੇ ਭਰਾ ਸੰਤ ਗੰਡਾ ਸਿੰਘ ਜੀ ਦਾ ਅਗੋਂ ਪਰਿਵਾਰ ਬਹੁਤ ਵਧਿਆ ਫੁਲਿਆ ਅਤੇ ਇਸ ਤਰ੍ਹਾਂ ਜਿਥੇ ਸਚੇ ਸੁੱਚੇ ਕਾਰੋਬਾਰ ਵਿਚ ਇਹਨਾਂ ਸਫਲਤਾਵਾਂ ਪ੍ਰਾਪਤ ਕੀਤੀਆਂ ਉਥੇ ਸਦਾਚਾਰਕ, ਕਲਾਤਮਕ ਅਤੇ ਧਾਰਮਕ ਹਵਾ ਵਾਲਾ ਵਾਤਾਵਰਣ ਬਣਿਆ ਰਿਹਾ। ਇਸੇ ਵਾਤਾਵਰਨ ਦਾ ਹੀ ਸਿਟਾ ਸੀ ਕਿ ਇਥੋਂ ਸਫਲ ਕਾਰੋਬਾਰੀ ਕਾਰਖਾਨੇਦਾਰ, ਸਿਆਸੀ ਲੀਡਰ, ਕਿਰਤਾਰ ਅਤੇ ਸੰਗੀਤ ਵਾਦਕ ਅਤੇ ਵਧੀਆ ਖਿਡਾਰੀ ਅਤੇ ਐਥਲੀਟ ਪੈਦਾ ਹੋਏ। ਇਕ ਸਤਿਕਾਰ ਅਤੇ ਮਿਲਵਰਤੋਂ ਵਾਲਾ ਵਾਤਾਵਰਨ ਸੀ। ਬੀਬੀ ਮਾਨ ਕੌਰ ਸੇਵਾ ਦੀ ਸਾਕਾਰ ਮੂਰਤ ਇਸੇ ਪਰਿਵਾਰ ਦੀ ਹੀ ਧੀ ਸੀ। ਸੰਤ ਜੋਤਾ ਸਿੰਘ, ਸੰਤ ਬੰਤਾ ਸਿੰਘ ਸੰਤ ਹਰਨਾਮ ਸਿੰਘ ਜਿਹੀਆਂ ਹਸਤੀਆਂ ਇਥੇ ਆਪਣੀ ਲੋਅ ਨਾਲ ਚਾਨਣ ਕਰਦੀਆਂ ਰਹੀਆਂ ਹਨ।

ਸੰਤ ਜਗਤ ਸਿੰਘ ਜੀ ੧੦ ਅਪਰੈਲ ੧੯੮੭ ਨੂੰ ਸਾਥੋਂ ਛੋਹ ਕਰਕੇ ਵਿਛੜ ਗਏ ਹਨ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠਾਂ ਦੇ ਭੋਗ ਅਤੇ ਦੀਵਾਨ ੨੨ ਅਪਰੈਲ ਨੂੰ ਹੋ ਰਹੇ ਹਨ। ਸੰਤਾਂ ਦੀ ਰਿਧੀ ਨੂੰ ਸੰਭਾਲਣ ਵਾਸਤੇ ਉਹਨਾਂ ਦਾ ਪਰਿਵਾਰ ਸਜੋਗ ਹੈ।

ਅਸੀਂ ਸੰਤਾਂ ਦੇ ਨਿਧਨ ਤੇ ਉਹਨਾਂ ਦੇ ਪਰਿਵਾਰ- ਸਪੁਤਰਾਂ ਸੰਤ ਅਜੀਤ ਸਿੰਘ, ਬਖਸ਼ੀਸ਼ ਸਿੰਘ, ਗੁਰਦੇਵ ਸਿੰਘ, ਸੁਰਜੀਤ ਸਿੰਘ ਅਤੇ ਭਰਾਵਾਂ ਸੰਤ ਤਾਰਾ ਸਿੰਘ, ਸੰਤ ਸਾਧਾ ਸਿੰਘ, ਸੰਤ ਕਰਤਾਰ ਸਿੰਘ ਅਤੇ ਭਤੀਜਿਆਂ ਕੁਲਦੀਪ ਸਿੰਘ, ਸਰਵਨ ਸਿੰਘ, ਕਰਮ ਸਿੰਘ, ਜਗਨ ਸਿੰਘ, ਸ: ਕੁੰਦਨ ਸਿੰਘ, ਅਤੇ ਸੰਗਤ ਦੇ ਦੁਖ ਵਿਚ ਸ਼ਾਮਲ ਹਾਂ। ਸੰਤ ਪਰਿਵਾਰ ਦੇ ਨਹੀਂ ਸੀ ਸਗੋਂ ਸਾਰੇ ਸਮਾਜ ਦੇ ਸਨ। ਬਹੁਤ ਚਿਰ ਤਕ ਉਹ ਸ੍ਰੀ ਭੈਣੀ ਸਾਹਿਬ ਵਿਚ ਜਪ ਸਮਾਗਮਾਂ ਵਿਚ ਸੇਵਾ



Sri Satguru Jagjit Singh Ji eLibrary NamdhariElibrary@gmail.com

ਕਰਦੇ ਰਹੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਨਜ਼ਰ ਦੇ ਪਾਤਰ ਸਨ। ਅਸੀਂ ਉਹਨਾਂ ਬਾਰੇ ਅਰਦਾਸ ਕਰਦੀ ਹੈ। ਉਹਨਾਂ ਦਾ ਜੀਵਨ ਤਾਂ ਆਪ ਚਾਨਣ ਮੁਨਾਰਾ ਸੀ ਉਸ ਤੋਂ ਸੇਧ ਪ੍ਰਾਪਤ ਕਰਨੀ ਚਾਹੀਦੀ ਹੈ।

ਸਤਿਗੁਰ ਕੀ ਐਸੀ ਵਡਿਆਈ
ਪੁਤ, ਕਲਤ੍ਰ, ਵਿਚੇ ਗਤਿ ਪਾਈ

— ਜਗਦੀਸ਼ ਸਿੰਘ

# ਖ਼ਬਰਨਾਮਾ

## ਰੂਸ ਵਿਚ ਭਾਫ ਦੇ ਇੰਜਨ ਮੁੜ ਚਾਲੂ ਹੋਣ ਦੀ ਸੰਭਾਵਨਾ

ਸੋਵੀਅਤ ਯੂਨੀਅਨ ਰੂਸ ਵਿਚ ਪਾਣੀ ਦੀ ਭਾਫ ਨਾਲ ਚਲਣ ਵਾਲੇ ਇੰਜਨ ਮੁੜ ਸ਼ੁਰੂ ਕੀਤੇ ਜਾਣਗੇ। ਅਜੋ ਇਨ੍ਹਾਂ ਦੀ ਥਾਂ ਡੀਜ਼ਲ ਤੇਲ ਅਤੇ ਬਿਜਲੀ ਨਾਲ ਚਲਣ ਵਾਲੇ ਇੰਜਨਾਂ ਨੇ ਮਲ ਲਈ ਹੋਈ ਹੈ।

ਇਹ ਵਿਚਾਰ ਯੂਕਰੇਨ ਦੇ ਪਾਲੀਟੈਕਨਿਕ ਕਾਲਜ ਦੇ ਇਕ ਪਰੋਫੈਸਰ ਸਰਗੇਈ ਕਤਸੋਵ ਦਾ ਹੈ।

ਸੋਵੀਅਤ ਯੂਨੀਅਨ ਕੋਲ ਇਹਨਾਂ ਇੰਜਨਾਂ ਵਿਚ ਫੂਕਣ ਵਾਸਤੇ ਕੋਲੇ ਦੇ ਵੱਡੇ ਭੰਡਾਰ ਹਨ। ਏਸ ਕਾਲਜ ਨੇ ਇਕ ਨਵੀਂ ਕਿਸਮ ਦੇ ਅਜੇਹੇ ਭਾਫ ਦੇ ਇੰਜਨ ਦਾ ਡੀਜ਼ਾਈਨ ਤਿਆਰ ਕੀਤਾ ਹੈ ਜਿਹੜਾ ਤਿੰਨ ਗੁਣਾਂ ਵਧੇਰੇ ਕਾਰਗਰ ਹੈ। ਇਹ ਪੁਰਾਣੇ ਡੀਜ਼ਾਈਨ ਨੂੰ ਸੁਧਾਰ ਕੇ ਬਣਾਇਆ ਗਿਆ ਹੈ। ਇਸ ਵਿਚ ਕੋਲੇ ਦੇ ਚੂਰੇ ਨੂੰ ਵੀ ਵਰਤਿਆ ਜਾਏਗਾ। ਹਦੋਂ ਵਧ ਗਰਮ ਭਾਫ ਅਤੇ ਪਹਿਲਾਂ ਗਰਮ ਕੀਤੇ ਪਾਣੀ ਦੀ ਵਰਤੋਂ ਨਾਲ ਇੰਜਨ ਦੀ ਕਾਰਜ ਕੁਸ਼ਲਤਾ ਬਹੁਤ ਵਧ ਜਾਵੇਗੀ।

## ਇਕ ਬੇਮਿਸਾਲ ਅਪਰੇਸ਼ਨ

ਲੈਨਿਨਗਰਾਦ (ਰੂਸ) ਦੇ ਡਾਕਟਰੀ ਵਿਗਿਆਨ ਦੇ ਸਰਜਨਾਂ ਨੇ ੧੦ ਸਾਲ ਦੇ ਮੁੰਡੇ ਮੈਕਸਿਮ ਪਾਵਲੋਵ ਦੀ ਬਾਂਹ ਦਾ ਬਹੁਤ ਹੀ ਬੇਮਿਸਾਲ ਅਪਰੇਸ਼ਨ ਕੀਤਾ। ਆਪਣੇ ਮਿੱਤਰਾਂ ਨਾਲ ਖੇਡਦੇ ਹੋਏ ਇਸ ਬੱਚੇ ਦਾ ਪੈਰ ਤਿਲਕ ਗਿਆ ਅਤੇ ਨਜ਼ਦੀਕ ਹੀ ਜਾ ਰਹੀ ਰੇਲ ਗਡੀ ਦੇ ਹੇਠਾਂ ਆ ਗਿਆ ਤੇ ਉਸ ਦੀ ਬਾਂਹ ਕੱਟੀ ਗਈ। ਉਹਦੇ ਮਿੱਤਰਾਂ ਨੇ ਉਹਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹਦੀ ਬਾਂਹ ਤੇ ਅਫਸਰ ਸਲੀਪਰ ਵਿਚ ਹੀ ਰਹੇ ਗਏ। ੨੦ ਮਿੰਟਾਂ ਵਿਚ ਮੈਕਸਿਮ ਨੂੰ ਪੈਡੀਆਟ੍ਰਿਕ ਮੈਡੀਕਲ ਇੰਸਟੀਚਿਊਟ (ਹਸਪਤਾਲ) ਵਿਚ ਲਿਜਾਇਆ ਗਿਆ।

ਮਾਈਕਰੋਸਰਜਰੀ (ਖੁਰਦਬੀਨ ਦੀ ਮਦਦ ਨਾਲ ੮ ਘੰਟੇ ਤਕ ਸਰੇਸ਼ਨਿਹ ਕਰਨ ਤੋਂ ਬਾਦ ਸਰਜਨਾਂ ਨੇ ਉਹਦੇ ਪਠਿਆਂ ਤੰਤੂਆਂ ਤੇ ਨਸਾਂ ਨੂੰ ਬੜੀ ਹੀ ਸਾਵਧਾਨੀ ਨਾਲ ਵੱਖ ਕੀਤਾ ਤੇ ਉਨ੍ਹਾਂ ਨੂੰ ਜੋੜ ਦਿਤਾ ਅਤੇ ਫਿਰ ਬਾਦ ਵਿਚ ਵਿਸ਼ੇਸ਼ ਸੋਵੀਅਤ ਜੰਤਰਾਂ ਨਾਲ ਇਹਨਾਂ ਨੂੰ ਸਿਉਂ ਦਿਤਾਂ ਗਿਆ।

ਹਸਪਤਾਲ ਵਿਚ ਮੈਕਸਿਮ ਆਪਣੀ ਬਾਂਹ ਦੀ ਬਹਾਲੀ ਵਾਸਤੇ ਵਿਸ਼ੇਸ਼ ਤਰ੍ਹਾਂ ਦੀਆਂ ਕਸਰਤਾਂ ਕਰਦਾ ਹੈ, ਪਾਠਾਂ ਦਾ ਅੱਧਿਅਨ ਕਰਦਾ ਹੈ ਅਤੇ ਉਹਨੇ ਚੌਥੀ ਜਮਾਤ ਲਈ ਸਿਖਲਾਈ ਦੇ ਕੋਰਸ ਨੂੰ ਸਫਲਤਾ ਨਾਲ ਮੁਕੰਮਲ ਕੀਤਾ ਹੈ।

## ਰੂਸ-ਅਮਰੀਕਾ ਗਲਬਾਤਾਂ

ਮਾਸਕੋ, (ਤਾਸ) ਸੋਵੀਅਤ ਯੂਨੀਅਨ ਦੀ ਮੰਤਰੀ ਪਰੀਸ਼ਦ ਦੇ ਚੇਅਰਮੈਨ ਨਿਕੋਲਾਈ ਆਈ. ਰਿਜ਼ਕੋਵ ਨੇ ਕਲ ਇਥੇ ਅਮਰੀਕੀ ਬਦੇਸ਼ ਮੰਤਰੀ ਜਾਰਜ ਸ਼ੁਲਜ਼ ਦਾ ਸੁਆਗਤ ਕੀਤਾ।

ਇਕ ਵਿਹਾਰਕ ਮਾਹੌਲ ਵਿਚ ਹੋਈਆਂ ਇਹਨਾਂ ਗੱਲਾਂਬਾਤਾਂ ਦੌਰਾਨ ਉਹਨਾਂ ਨੇ ਸੋਵੀਅਤ-ਅਮਰੀਕੀ ਸੰਬੰਧਾਂ ਦੇ ਬੁਨਿਆਦੀ ਮਸਲਿਆਂ, ਕੌਮਾਂਤਰੀ ਆਰਥਕ ਸੰਬੰਧਾਂ ਵਿਚ ਦੋਹਾਂ ਦੇਸ਼ਾਂ ਦੀਆਂ ਪੁਜ਼ੀਸ਼ਨਾਂ, ਅਤੇ ਸੋਵੀਅਤ ਯੂਨੀਅਨ ਅਤੇ ਅਮਰੀਕਾ ਵਿਚਕਾਰ ਵਪਾਰਕ ਅਤੇ ਆਰਥਕ ਮਿਲਵਰਤਣ ਦੀਆਂ ਸੰਭਾਵਨਾਵਾਂ ਦੀ ਘੋਖ ਕੀਤੀ।

ਸੁਰਖਿਆ ਨੂੰ ਪਕੇਰੀ ਬਣਾਉਣ, ਹਥਿਆਰਾਂ ਦੀ ਦੌੜ ਨੂੰ ਰੋਕਣ ਅਤੇ ਨਿਸ਼ਸਤਰੀਕਰਨ ਨੇ ਸੋਵੀਅਤ-ਅਮਰੀਕੀ ਸੰਬੰਧਾਂ ਦਾ ਆਧਾਰ ਬਣਾਉਣ ਦੇ ਮਸਲਿਆਂ ਦੀ ਅਹਿਮ ਮਹੱਤਤਾ ਬਾਰੇ ਧਿਆਨ ਦੁਆਉਂਦਿਆਂ ਨਿਕੋਲਾਈ ਆਈ. ਰਿਜ਼ਕੋਵ ਨੇ ਇਸ ਗਲ ਉਤੇ ਜ਼ੋਰ ਦਿਤਾ ਕਿ ਕੌਮਾਂਤਰੀ ਮਾਮਲਿਆਂ ਵਿਚਲੀ ਇਸ ਨਾਜ਼ੁਕ ਘੜੀ ਵਿਚ ਇਹਨਾਂ ਮਸਲਿਆਂ ਨੂੰ ਹਲ ਕਰਨ ਲਈ ਹਰੇਕ ਅਵਸਰ ਨੂੰ ਵਰਤਣਾ ਜ਼ਰੂਰੀ ਹੈ।

ਪਰਸਪਰ ਤੌਰ ਉਤੇ ਪਰਵਾਨਯੋਗ ਆਧਾਰ ਉਤੇ ਦੋਹਾਂ ਦੇਸ਼ਾਂ ਵਿਚਕਾਰ ਸੰਗਤ ਸਮਝੌਤਿਆਂ ਨੂੰ ਪਰਾਪਤ ਕਰਨਾ ਉਹਨਾਂ ਵਿਚਕਾਰ ਵਿਸ਼ਵਾਸ ਦੇ ਮਜ਼ਬੂਤੀਕਰਨ ਅਤੇ ਇੰਜ ਸੋਵੀਅਤ-ਅਮਰੀਕੀ ਸੰਬੰਧਾਂ ਦੇ ਦੂਜੇ ਮਾਮਲਿਆਂ ਵਿਚ ਵੀ ਤਰੱਕੀ ਲਈ ਤਤ ਪੂਰਬ ਲੋੜੀਂਦੀਆਂ ਹਾਲਤਾਂ ਦੀ ਸਿਰਜਣਾ ਲਈ ਭਾਰੀ ਮਹੱਤਵ ਵਾਲੀ ਗੱਲ ਹੋਵੇਗੀ।

ਬੁਨਿਆਦੀ ਸੁਰਖਿਆ ਸਮਸਿਆਵਾਂ ਦੇ ਨਿਬੇੜੇ ਦੀ ਅਤੇ ਇਕ ਦੂਜੇ ਦੀ ਨੀਤੀ ਵਿਚ ਵਧੇਰੇ ਵਿਸ਼ਵਾਸ ਦੀ ਲੋੜ ਨੂੰ ਸਵੀਕਾਰਦਿਆਂ ਜਾਰਜ ਸ਼ੁਲਜ਼ ਨੇ ਇਸਦੇ ਨਾਲ ਹੀ ਇਹ ਵੀ ਕਿਹਾ ਕਿ ਇਸ ਖੇਤਰ ਵਿਚਲੇ ਹਾਂ-ਪੱਖੀ ਰੁਝਾਨਾਂ ਦਾ ਵਿਕਾਸ ਸੋਵੀਅਤ ਧਿਰ ਵਲੋਂ ਕਈ ਸ਼ਰਤਾਂ ਪੂਰੀਆਂ ਕਰਨ ਉਤੇ ਨਿਰਭਰ ਕਰਦਾ ਹੈ।



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
,, : 2510845
Resi. : 213058

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Sri Satguru Jagjit Singh Ji eLibrary NamdhariElibrary@gmail.com

Registered No. NW/JL—253 MONTHLY WARIAM MAY 1987
Registered with the registerar of News Papers for India No. 26453/75


# 'POONAM'

**PROUDLY** **PRODUCES**

**LIP-SMACKING**
**EPOCH-MAKING**
**MOUTH-WATERING**

**Delightful** **Delectable** **Delicious**

# BISCUITS

ALREADY INTRODUCED:

**Glucose, Roshni, Twinkle, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalhana, Aurangabad-431210**

Telephone : 8707
Telegram : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM, Ladowali Road, Jalandhar—144001.

Sri Satguru Jagjit Singh Ji eLibrary NamdhariElibrary@gmail.com